ਨਾਨਕ ਨਾਮ ਚੜ੍ਹਦੀ ਕਲਾ
ਤੇਰੇ ਭਾਣੇ ਸਰਬਤ ਦਾ ਭਲਾ

# ਮਾਰਗ ਦਰਸਨ

## ਸਚਖੰਡ ਨਾਨਕ ਧਾਮ

ਨਾਨਕ ਨਾਮ ਚੜ੍ਹਦੀ ਕਲਾ
ਤੇਰੇ ਭਾਣੇ ਸਰਬਤ ਦਾ ਭਲਾ

# ਮਾਰਗ ਦਰਸਨ

## ਸਚਖੰਡ ਨਾਨਕ ਧਾਮ

PUBLISHED BY
SACHKHAND NANAK DHAM
INTERNATIONAL
Registered Society No: 109 (India)
Registered Charity No: 515484 (UK)
11 Church Hill Road, Handsworth, Birmingham B20 3TP
Tel 021-554-2422

©
ALL RIGHTS RESERVED

GREAT BRITAIN
1985

# ਮਾਰਗ ਦਰਸਨ

## ਭੂਮਿਕਾ

ਅਸੀਂ ਇਹ ਕਿਤਾਬ ਮਹਾਰਾਜ ਜੀ ਦੀ ਕਿਰਪਾ ਅਤੇ ਮਿਹਰ ਦੇ ਸਦਕੇ ਆਪ ਸਭ ਜੀਵਾਂ ਦੀ ਜਾਣਕਾਰੀ ਲਈ ਭੇਂਟ ਕਰਦੇ ਹਾਂ। ਕੁਝ ਲੋਕਾਂ ਦੀ ਭਾਵਨਾਂ ਅਤੇ ਵਿਚਾਰ ਨੂੰ ਮੁੱਖ ਰਖਦੇ ਹੋਏ ਸਵਾਲਾਂ ਦੇ ਜਵਾਬ ਜੋ ਕਿ ਅਸੀਂ ਆਪਣੇ ਮਹਾਰਾਜ ਜੀ ਪਾਸ ਕੀਤੇ ਸਨ ਉਨ੍ਹਾਂ ਦਾ ਵੇਰਵਾ ਇਸ ਪ੍ਰਕਾਰ ਹੈ।

# INDEX


| | | |
|---|---|---|
| ਪ੍ਰਸ਼ਨ 1:- | ਮਹਾਰਾਜ ਜੀ ਧਰਮ ਅਤੇ ਮਜ਼ਬ ਵਿਚ ਕੀ ਅੰਤਰ ਹੈ? | 9 |
| ਪ੍ਰਸ਼ਨ 2:- | ਮਹਾਰਾਜ ਜੀ ਹਿੰਦੂ, ਮੁਸਲਿਮ, ਸਿੱਖ, ਈਸਾਈ, ਕੀ ਇਹ ਚਾਰੇ ਧਰਮ ਹਨ ਜਾਂ ਮਜ਼ਬ? | 10 |
| ਪ੍ਰਸ਼ਨ 3:- | ਮਹਾਰਾਜ ਆਪ ਜੀ ਨੂੰ ਸਚਖੰਡ ਨਾਨਕ ਧਾਮ ਚਲਾਉਣ ਦੀ ਕੀ ਜਰੂਰਤ ਮਹਿਸੂਸ ਹੋਈ ਜਦੋਂ ਕਿ ਧਰਤੀ ਉਪਰ ਪਹਿਲੋਂ ਵੀ ਕਈ ਸੰਸਥਾਵਾਂ ਕੰਮ ਕਰ ਰਹੀਆਂ ਹਨ ਅਤੇ ਉਹਨਾਂ ਦੇ ਅਸੂਲ ਭੀ ਲਗ ਭਗ ਇਹੀ ਹਨ ਜਿਹੜੇ ਕਿ ਸਚਖੰਡ ਨਾਨਕ ਧਾਮ ਦੇ ਹਨ? | 11 |
| ਪ੍ਰਸ਼ਨ 4:- | ਮਹਾਰਾਜ ਜੀ ਸਚਖੰਡ ਨਾਨਕ ਧਾਮ ਆਪਣੇ ਪੈਰੋਕਾਰਾਂ ਨੂੰ ਕਿਸ ਧਰਮ ਤੇ ਚਲਣ ਦਾ ਉਪਦੇਸ਼ ਦਿੰਦਾ ਹੈ? | 12 |
| ਪ੍ਰਸ਼ਨ 5:- | ਮਹਾਰਾਜ ਜੀ ਸਚਖੰਡ ਨਾਨਕ ਧਾਮ ਵਿਚ ਦੋ ਨਿਸ਼ਾਨ ਸਾਹਿਬ ਲਗਾਉਣ ਦਾ ਕੀ ਮਤਲਬ ਹੈ? | 13 |
| ਪ੍ਰਸ਼ਨ 6:- | ਮਹਾਰਾਜ ਤੁਸੀਂ ਸਚਖੰਡ ਨਾਨਕ ਧਾਮ ਦਾ ਨਿਸ਼ਾਨ ਸ਼ਮਸ਼ੀਰ ਤੇ ਮਾਲਾ ਦਿੱਤਾ ਹੈ ਇਸ ਦਾ ਕੀ ਮਤਲਬ ਹੈ? | |
| ਪ੍ਰਸ਼ਨ 7:- | ਮਹਾਰਾਜ ਤੁਹਾਡੇ ਸੇਵਕ ਤਿਲਕ ਕਿਉ ਲਾਉਂਦੇ ਹਨ? | 14 |
| ਪ੍ਰਸ਼ਨ 8:- | ਮਹਾਰਾਜ ਆਪ ਜੀ ਦੇ ਸੇਵਕ ਜੋ ਵਰਦੀ ਪਾਉਂਦੇ ਹਨ ਉਸਦਾ ਕੀ ਮਤਲਬ ਹੈ? | |
| ਪ੍ਰਸ਼ਨ 9:- | ਮਹਾਰਾਜ ਜੀ ਸਚਖੰਡ ਨਾਨਕ ਧਾਮ ਦੇ ਸੇਵਕ ਜਦੋਂ ਵੀ ਆਪਸ ਵਿਚ ਮਿਲਦੇ ਹਨ ਤਾਂ ॥ ਨਾਨਕ ਨਾਮ ਚੜ੍ਹਦੀ ਕਲਾ ॥ ॥ ਤੇਰੇ ਭਾਣੇ ਸਰਬਤ ਦਾ ਭਲਾ ॥ ਕਿਉਂ ਬਲਾਉਂਦੇ ਹਨ? | |

ਪ੍ਰਸ਼ਨ 10:- ਮਹਾਰਜ ਆਪਦੇ ਸੇਵਕ ਆਪਣੇ ਨਾਮ ਨਾਲ ਦਾਸ ਕਿਉਂ ਲਿਖਦੇ ਹਨ? 15

ਪ੍ਰਸ਼ਨ 11:- ਮਹਾਰਾਜ ਜੀ ਦਾਸ ਧਰਮ ਦਾ ਕੀ ਮਤਲਬ ਹੈ? 16

ਪ੍ਰਸ਼ਨ 12:- ਸਚਖੰਡ ਨਾਨਕ ਧਾਮ ਅਤੇ ਦਾਸ ਧਰਮ ਵਿਚ ਕੀ ਅੰਤਰ ਹੈ?

ਪ੍ਰਸ਼ਨ 13:- ਮਹਾਰਾਜ ਜੀ ਜਿਹੜੇ ਸੇਵਕ ਆਪਦੀ ਗੁਰੂ ਨਾਨਕ ਸਾਹਿਬ, ਕ੍ਰਿਸ਼ਨ ਮਹਾਰਾਜ ਜਾਂ ਹੋਰ ਰੱਬੀ ਅਵਤਾਰਾਂ ਨਾਲ ਤੁਲਨਾ ਕਰਦੇ ਹਨ ਉਹ ਕਿਥੋਂ ਤਕ ਠੀਕ ਹਨ? 17

ਪ੍ਰਸ਼ਨ 14:- ਮਹਾਰਾਜ ਆਪ ਜੀ ਨੇ ਨਾਮ ਦੀ ਗਲ ਕੀਤੀ ਹੈ ਕਿ ਨਾਮ ਕਮਾਈ ਨਾਲ ਦਰਸ਼ਨ ਹੁੰਦੇ ਹਨ, ਇਹ ਨਾਮ ਕੀ ਹੈ, ਕਿਥੋਂ ਅਤੇ ਕਿਵੇਂ ਪ੍ਰਾਪਤ ਕੀਤਾ ਜਾ ਸਕਦਾ ਹੈ? 18

ਪ੍ਰਸ਼ਨ 15:- ਮਹਾਰਾਜ ਜੀ ਕੀ ਨਾਮ ਦੀ ਕੋਈ ਕੀਮਤ ਅਦਾ ਕਰਨੀ ਪੈਂਦੀ ਹੈ? 21

ਪ੍ਰਸ਼ਨ 16:- ਮਹਾਰਾਜ ਜੀ ਨਾਮ ਅਤੇ ਅਮ੍ਰਿਤ ਵਿਚ ਕੀ ਅੰਤਰ ਹੈ? 22

ਪ੍ਰਸ਼ਨ 17:- ਮਹਾਰਾਜ ਜੀ ਜੇਕਰ ਕਿਸੇ ਨੇ ਪਹਿਲਾਂ ਨਾਮ ਲਿਆ ਹੋਵੇ ਤਾਂ ਉਸਨੂੰ ਕੀ ਦੁਬਾਰਾ ਨਾਮ ਲੈਣ ਦੀ ਜਰੂਰਤ ਹੈ? 24

ਪ੍ਰਸ਼ਨ 18:- ਮਹਾਰਾਜ ਜੀ ਸਚਖੰਡ ਨਾਨਕ ਧਾਮ ਵਿਖੇ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਕੀਤਾ ਗਿਆ ਹੈ। ਇਸਨੂੰ ਤੁਸੀਂ ਕਿਹੜਾ ਦਰਜਾ ਦਿੰਦੇ ਹੋ? ਇਸ ਦੇ ਨਾਲ ਨਾਲ ਦੂਸਰੇ ਧਾਰਮਿਕ ਗ੍ਰੰਥਾਂ ਪ੍ਰਤੀ ਤੁਹਾਡੀ ਕੀ ਭਾਵਨਾਂ ਹੈ?

ਪ੍ਰਸ਼ਨ 19:- ਮਹਾਰਾਜ ਜੀ ਸਚਖੰਡ ਨਾਨਕ ਧਾਮ ਵਿਚ ਆਉਣ ਵਾਲੇ ਦੂਜੇ ਧਰਮਾਂ ਨਾਲ ਸਬੰਧਤ ਲੋਕਾਂ ਨੂੰ ਸਚਖੰਡ ਨਾਨਕ ਧਾਮ ਕੀ ਦਿੰਦਾ ਹੈ? 25

ਪ੍ਰਸ਼ਨ 20:- ਮਹਾਰਾਜ ਜੀ ਸਚਖੰਡ ਨਾਨਕ ਧਾਮ ਵਿਖੇ ਇਸਤ੍ਰੀ ਜਾਤੀ ਦਾ ਕੀ ਦਰਜਾ ਹੈ?

ਪ੍ਰਸ਼ਨ 21:- ਮਹਾਰਾਜ ਜੀ ਸਚਖੰਡ ਨਾਨਕ ਧਾਮ ਵਿਚ ਗੱਦੀ ਸਾਹਮਣੇ ਆਰਤੀ ਅਤੇ ਅਰਦਾਸ ਇਕਠੀਆਂ ਕਿਉਂ ਕੀਤੀਆਂ ਜਾਂਦੀਆਂ ਹਨ? 26

ਪ੍ਰਸ਼ਨ 22:- ਮਹਾਰਾਜ ਜੀ ਕੀ ਸਚਖੰਡ ਨਾਨਕ ਧਾਮ ਜਾਤ ਪਾਤ, ਰੰਗ, ਨਸਲ ਦੇ ਅਧਾਰ ਤੇ ਆਪਸੀ ਸਬੰਧ ਜੋੜੇਗਾ?

ਪ੍ਰਸ਼ਨ 23:- ਮਹਾਰਾਜ ਜੀ ਕੀ ਸਚਖੰਡ ਨਾਨਕ ਧਾਮ ਜਾਦੂ ਟੂਣਿਆਂ, ਧਾਗਿਆਂ, ਤਵੀਤਾਂ, ਰਿਧੀਆਂ ਸਿਧੀਆਂ ਚ ਵਿਸ਼ਵਾਸ਼ ਰੱਖਦਾ ਹੈ?

ਪ੍ਰਸ਼ਨ 24:- ਮਹਾਰਾਜ ਜੀ ਕਾਲੇ ਰੰਗ ਦਾ ਕੀ ਮਤਲਬ ਹੈ?

ਪ੍ਰਸ਼ਨ 25:- ਮਹਾਰਾਜ ਜੀ ਨੀਲੇ ਰੰਗ ਦਾ ਕੀ ਮਤਲਬ ਹੈ?

ਪ੍ਰਸ਼ਨ 26:- ਮਹਾਰਾਜ ਜੀ ਕੇਸਰੀ ਰੰਗ ਤੋਂ ਕੀ ਭਾਵ ਹੈ?

ਪ੍ਰਸ਼ਨ 27:- ਮਹਾਰਾਜ ਜੀ ਚਿੱਟੇ ਰੰਗ ਤੋਂ ਕੀ ਭਾਵ ਹੈ ਅਤੇ ਤੁਸਾਂ ਇਸ ਨੂੰ ਆਪਣੇ ਮਿਸ਼ਨ ਵਿਚ ਕਿਉਂ ਪ੍ਰਮੁਖਤਾ ਦਿੱਤੀ ਹੈ?

# ਮਾਰਗ ਦਰਸਨ

## ਬੇਨਤੀ

ਅਸੀਂ ਆਪ ਸੱਜਣਾਂ ਅਤੇ ਬੁੱਧੀਜੀਵਾਂ ਪਾਸ ਬੇਨਤੀ ਕਰਦੇ ਹਾਂ ਕਿ ਜੇ ਕੋਈ ਕਿਤਾਬ ਅੰਦਰ ਸਵਾਲ ਦਾ ਜਵਾਬ ਠੀਕ ਨਾਂ ਲੱਗੇ ਜਾਂ ਕਿਸੇ ਨੂੰ ਦਿਲੀ ਠੇਸ ਪਹੁੰਚੇ ਤਾਂ ਉਹ ਸੱਜਣ ਸਾਡੇ ਨਾਲ ਗਲਬਾਤ ਕਰ ਸਕਦੇ ਹਨ ਜਾਂ ਆਪਣੇ ਸ਼ੰਕੇ ਨੂੰ ਦੂਰ ਕਰਨ ਲਈ ਸਵਾਲ ਨੰਬਰ ਅਤੇ ਸ਼ੁਧੀਕਰਨ ਸਾਥ ਭੇਜਣ ।

ਵਲੋਂ :-
ਦਾਸ ਬਲਵਿੰਦਰ ਸਿੰਘ ।
ਦਾਸ ਜੋਗਾ ਸਿੰਘ ।
ਦਾਸ ਗੁਰਇੱਕਬਾਲ ਸਿੰਘ ।
ਦਾਸ ਕੇ.ਸੀ. ਸਿੰਘ ।
ਦਾਸ ਮੱਖਣ ਸਿੰਘ ।
ਦਾਸ ਬਹਾਦਰ ਸਿੰਘ ।



# SACHKHAND NANAK DHAM
New Dehli
India



**SACHKHAND NANAK DHAM**
**Birmingham U.K.**

ਨਾਨਕ ਨਾਮ ਚੜ੍ਹਦੀ ਕਲਾ
ਤੇਰੇ ਭਾਣੇ ਸਰਬਤ ਦਾ ਭਲਾ

# ਮਾਰਗ ਦਰਸਨ

## ਪ੍ਰਸ਼ਨ :- ਮਹਾਰਾਜ ਜੀ ਧਰਮ ਅਤੇ ਮਜ਼ੁਬ ਵਿਚ ਕੀ ਅੰਤਰ ਹੈ?

**ਉੱਤਰ :-** ਧਰਮ :- ਧਰਮ ਦਾ ਅਸਲੀ ਅਰਥ ਹੈ ਵਾਅਦਾ ਵਚਨ, ਵਿਸ਼ਵਾਸ, ਈਮਾਨ ਜਾਂ ਅਪਨਾਉਣਾ। ਜਿਵੇਂ ਕਿ ਲੜਕੇ ਲੜਕੀ ਦੀ ਸ਼ਾਦੀ ਹੁੰਦੀ ਹੈ। ਉਹ ਉਸਨੂੰ ਇਕ ਪਤਨੀ ਦੇ ਰੂਪ ਵਿਚ ਅਪਨਾਂਉਂਦਾ ਹੈ ਅਤੇ ਉਹ ਉਸਦੀ ਸੇਵਾ ਕਰਦੀ ਹੈ। ਸ਼ਾਦੀ ਤੋਂ ਬਾਅਦ ਉਸਨੂੰ ਧਰਮ ਪਤਨੀ ਕਿਹਾ ਜਾਂਦਾ ਹੈ। ਦੂਸਰੇ ਲਫ਼ਜ਼ਾਂ ਵਿਚ ਧਰਮ ਇਕ ਰੱਬ ਨਾਲ ਕੀਤਾ ਹੋਇਆ ਵਾਅਦਾ ਹੈ ਜਦੋਂ ਜੀਵ ਮਾਤ ਗਰਭ ਵਿਚ ਨੌਂ ਮਹੀਨੇ ਪੁੱਠਾ ਲਟਕਿਆ ਹੁੰਦਾ ਹੈ ਤਾਂ ਉਸ ਵਕਤ ਉਹ ਪ੍ਰਮਾਤਮਾ ਦੇ ਨਾਲ ਵਾਅਦਾ ਕਰਦਾ ਹੈ ਕਿ ਹੇ ਪ੍ਰਮਾਤਮਾ ਮੈਨੂੰ ਇਸ ਕੁੰਭੀ ਨਰਕ ਵਿਚੋਂ ਕਢ, ਮੈਂ ਮਾਤ-ਲੋਕ ਵਿਚ ਜਾ ਕੇ ਤੇਰਾ ਭਜਨ ਸਿਮਰਨ ਕਰਾਂਗਾ। ਪ੍ਰਮਾਤਮਾ ਦਿਆਲ ਹੋ ਕੇ ਉਸਨੂੰ ਜਨਮ ਦਿੰਦਾ ਹੈ। ਪਰ ਜੀਵ ਮਾਤ ਲੋਕ ਵਿਚ ਆ ਕੇ ਉਸ ਵਾਅਦੇ ਨੂੰ ਭੁਲ ਜਾਂਦਾ ਹੈ। ਇਸੇ ਕਰਕੇ ਉਹ ਧਰਮੀ ਨਹੀਂ ਅਧਰਮੀ ਬਣ ਜਾਂਦਾ ਹੈ।

ਦੂਜੇ ਲਫ਼ਜ਼ਾਂ ਵਿਚ ਜੇ ਬਾਣੀ ਦੇ ਹਿਸਾਬ ਨਾਲ ਰੱਬੀ ਪੱਖੋਂ ਧਰਮ ਦੀ ਵੰਡ ਕੀਤੀ ਜਾਵੇ ਤਾਂ ਇਸ ਦੇ ਚਾਰ ਪੱਖ ਹਨ। 1 ਦਇਆ 2 ਸਤਿ 3 ਸੰਤੋਖ 4 ਨਾਮ। ਇਨ੍ਹਾਂ ਚੌਹਾਂ ਦੇ ਨਿਚੋੜ ਨੂੰ ਧਰਮ ਕਿਹਾ ਗਿਆ ਹੈ। ਇਨ੍ਹਾਂ ਗੁਣਾਂ ਨਾਲ ਹੀ ਜੀਵ ਧਰਮੀ ਕਹਿਲਾ ਸਕਦਾ ਹੈ। ਬਾਣੀ ਕਹਿੰਦੀ ਹੈ :-

**ਦਇਆ, ਸਤਿ, ਸੰਤੋਖ, ਨਾਮੁ, ਸਭ ਧਰਮ ਹੈ'।**

ਮਜ਼ੁਬ :- ਕਿਸੇ ਵੀ ਕੌਮ, ਕਬੀਲੇ, ਜਾ ਮੱਤ ਨੂੰ ਮਜ਼ੁਬ ਕਿਹਾ ਜਾਂਦਾ ਹੈ। ਮਜ਼ੁਬ ਦਾ ਨਿਚੋੜ ਹੈ ਮੰਨੁੱਖ, ਜਾਂ ਇਨਸਾਨ। ਕੋਈ ਵੀ ਮਹਾਂ-ਪੁਰਖ ਜਾਂ ਰੱਬੀ ਅਵਤਾਰ ਜਦੋਂ ਵੀ ਧਰਤੀ ਤੇ ਆਉਂਦਾ ਹੈ ਤਾਂ ਉਹ ਜੀਵਾਂ ਵਿਚ ਇਨਸਾਨੀਅਤ ਦੇ ਗੁਣ ਭਰਦਾ ਹੈ। ਅਤੇ ਉਸਨੂੰ

ਧਰਮ ਤੇ ਚਲਾ ਕੇ ਇਨਸਾਨ ਬਣਾਉਂਦਾ ਹੈ। ਪਰ ਉਸਦੇ ਸਰੀਰ ਛਡਣ ਤੋਂ ਬਾਅਦ ਅਸੀਂ ਲੋਕ ਉਸਦੇ ਬਣਾਏ ਹੋਏ ਅਸੂਲਾਂ ਤੇ ਨਾਂ ਚਲ ਕੇ ਦੂਜੇ ਪਾਸੇ ਤੁਰ ਪੈਂਦੇ ਹਾਂ ਜਾਂ ਜਿਸ ਅਸੂਲ ਤੇ ਸਾਨੂੰ ਚਲਣਾ ਔਖਾ ਲਗਦਾ ਹੈ ਉਸ ਅਸੂਲ ਨੂੰ ਅਸੀਂ ਆਪਣੀ ਸਹੂਲਤ ਮੁਤਾਬਕ ਢਾਲਣ ਲਗ ਪੈਂਦੇ ਹਾਂ। ਅਤੇ ਹੌਲੀ ਹੌਲੀ ਉਸ ਵਿਚੋਂ ਧਰਮ ਅਲੋਪ ਹੁੰਦਾ ਜਾਂਦਾ ਹੈ ਤੇ ਕੱਟੜਪਨ ਆਉਣਾ ਸ਼ੁਰੂ ਹੋ ਜਾਂਦਾ ਹੈ। ਆਖਿਰ ਉਹ ਇਕ ਮਜ਼ੁਬ ਬਣ ਕੇ ਹੀ ਰਹਿ ਜਾਂਦਾ ਹੈ।

## ਪ੍ਰਸ਼ਨ :- ਮਹਾਰਾਜ ਜੀ ਹਿੰਦੂ, ਮੁਸਲਿਮ, ਸਿੱਖ, ਈਸਾਈ, ਕੀ ਇਹ ਚਾਰੇ ਧਰਮ ਹਨ ਜਾਂ ਮਜ਼ੁਬ?

**ਉੱਤਰ** :- ਜਿਸ ਤਰ੍ਹਾਂ ਕਿ ਪਹਿਲਾਂ ਦਸਿਆ ਜਾ ਚੁੱਕਾ ਹੈ ਕਿ ਜਦੋਂ ਵੀ ਕੋਈ ਮਹਾਂ-ਪੁਰਖ ਧਰਤੀ ਤੇ ਆਉਂਦਾ ਹੈ ਉਹ ਇਕ ਨਵੀਂ ਰੀਤ, ਨਵੀਂ ਰੌਸ਼ਨੀ ਸੰਸਾਰ ਨੂੰ ਦਿੰਦਾ ਹੈ। ਇਸੇ ਤਰ੍ਹਾਂ ਜਦੋਂ ਇਨ੍ਹਾਂ ਧਰਮਾਂ ਦੀ ਸ਼ੁਰੂਆਤ ਹੋਈ ਤਾਂ ਇਹ ਧਰਮਾਂ ਦੇ ਰੂਪ ਵਿਚ ਹੀ ਚਲਾਏ ਗਏ। ਪਰ ਅੱਜ ਦੇ ਜੀਵ ਨੇ ਇਨ੍ਹਾਂ ਨੂੰ ਆਪਣੇ ਸਵਾਰਥਾਂ ਤੇ ਚੌਧਰਾਂ ਦੀ ਖਾਤਰ ਮਜ਼ੁਬ ਬਣਾਂ ਦਿੱਤਾ ਹੈ। ਇਥੋਂ ਤਕ ਕਿ ਹੁਣ ਜੀਵ ਮਜ਼ੁਬਾਂ ਤੋਂ ਵੀ ਹੇਠਾਂ ਮੱਤਾਂ, ਕਬੀਲਿਆਂ ਫਿਰਕਿਆਂ ਵਿਚ ਉਲਝਦਾ ਜਾ ਰਿਹਾ ਹੈ। ਇਨ੍ਹਾਂ ਵਿਚ ਏਨਾਂ ਕੱਟੜਪਨ ਆ ਗਿਆ ਹੈ ਕਿ ਬਾਹਰੋਂ ਕੋਈ ਵੀ ਇਨ੍ਹਾਂ ਵਿਚ ਸ਼ਾਮਲ ਹੋਣਾ ਪਸੰਦ ਨਹੀਂ ਕਰਦਾ। ਸਿਰਫ਼ ਉਹੀ ਲੋਕ ਇਸ ਵਿਚ ਹਨ ਜਿਹੜੇ ਇਹਨਾਂ ਹੀ ਘਰਾਣਿਆਂ ਵਿਚ ਪੈਦਾ ਹੋਏ। ਜਿਵੇਂ ਜਿਵੇਂ ਇਹਨਾਂ ਵਿਚ ਕੱਟੜਪਨ ਆਉਂਦਾ ਗਿਆ ਲੋਕ ਪਿੱਛੇ ਹਟਣੇ ਸ਼ੁਰੂ ਹੋ ਗਏ। ਪਰ ਮਹਾਂ-ਪੁਰਖ ਹਰ ਇਕ ਜੀਵ ਨੂੰ ਇਨਸਾਨੀਅਤ ਦਾ ਉਪਦੇਸ਼ ਦੇ ਕੇ ਜੀਵ ਨੂੰ ਧਰਮੀ ਬਣਾਉਂਦੇ ਹਨ। ਹਿੰਦੂ, ਮੁਸਲਿਮ, ਸਿੱਖ, ਈਸਾਈ, ਸਜਾਏ ਜਾਂਦੇ ਹਨ, ਪੈਦਾ ਨਹੀਂ ਹੁੰਦੇ। ਜਿਸ ਜਿਸ ਪ੍ਰਵਾਰ ਵਿਚ ਜੀਵ ਪੈਦਾ ਹੁੰਦਾ ਹੈ ਉਸਨੂੰ ਉਸ ਪ੍ਰਵਾਰ ਦੀ ਰਹੁ ਰੀਤੀ ਦੇ ਕੇ ਮਜ਼ੁਬੀ ਤੌਰ ਤੇ ਹਿੰਦੂ, ਮੁਸਲਿਮ, ਸਿੱਖ, ਈਸਾਈ, ਬਣਾ ਦਿੱਤਾ ਜਾਂਦਾ ਹੈ। ਜਿਵੇਂ ਹਿੰਦੂਆ ਦੇ ਘਰ ਜਿਹੜਾ ਜੀਵ ਪੈਦਾ ਹੋ ਗਿਆ ਉਸ ਦੇ ਵੱਡਾ ਹੋਣ ਤੇ ਉਸਨੂੰ ਜਨੇਊ ਪਵਾ ਦਿੱਤਾ, ਮੁੰਡਨ ਕਰਾ ਦਿੱਤਾ ਤਾਂ ਉਹ ਹਿੰਦੂ ਹੋ ਗਿਆ। ਜੇ ਸਿੱਖਾਂ ਦੇ ਘਰ ਪੈਦਾ ਹੋ ਗਿਆ ਤਾਂ ਉਸਨੂੰ ਅਮ੍ਰਿਤ ਛਕਾ ਕੇ ਪੰਜਾਂ ਬਾਣੀਆਂ ਦਾ ਪਾਠ ਕਰਨਾਂ ਦੱਸ ਦਿੱਤਾ ਤਾਂ ਉਹ ਸਿੱਖ ਹੋ ਗਿਆ।

ਜੇ ਮੁਸਲਮਾਨਾ ਦੇ ਘਰ ਪੈਦਾ ਹੋਇਆ ਤਾਂ ਉਸਦੀ ਸੁੰਨਤ ਕਰ ਦਿੱਤੀ ਅਤੇ ਪੰਜ ਨਿਮਾਜਾਂ ਪੜ੍ਹਨ ਲਈ ਕਹਿ ਦਿੱਤਾ ਤਾਂ ਉਹ ਮੁਸਲਮਾਨ ਹੋ ਗਿਆ। ਜੇ ਈਸਾਈਆਂ ਦੇ ਘਰ ਜਨਮ ਲਿਆ ਤਾਂ ਉਸਨੂੰ ਚਰਚ ਵਿਚ ਜਾ ਕੇ ਯੀਸਸ ਦੀ ਪਰੇ ਕਰਨ ਲਈ ਅਤੇ BAPTISE ਕਰਨ ਲਈ ਦਸਿਆ ਗਿਆ ਤਾਂ ਉਹ ਈਸਾਈ ਹੋ ਗਿਆ। ਪ੍ਰੰਤੂ ਇਹਨਾਂ ਦੀ ਅਸਲੀਅਤ (ਇਨਸਾਨੀਅਤ) ਤੋਂ ਕਿਸੇ ਵੀ ਜਾਣੂ ਨਾ ਕਰਾਇਆ। ਜੀਵ ਨੂੰ

ਇਨਸਾਨੀਅਤ ਦੀ ਗਹਿਰਾਈ ਤਕ ਸਿਰਫ ਮਹਾਂ-ਪੁਰਖ ਹੀ ਪਹੁੰਚਾ ਸਕਦੇ ਹਨ। ਸੋ ਜਦੋਂ ਧਰਮਾਂ ਦੀ ਉਤਪਤੀ ਕਰਨ ਵਾਲੇ ਮਹਾਂ-ਪੁਰਖ ਧਰਤੀ ਤੋਂ ਸਰੀਰਕ ਤੌਰ ਤੇ ਚਲੇ ਜਾਂਦੇ ਹਨ ਤਾਂ ਅਸੀਂ ਲੋਕ ਉਹਨਾਂ ਦੀ ਦੱਸੀ ਹੋਈ ਰੀਤ ਦੀ ਗਹਿਰਾਈ ਤੱਕ ਨਾਂ ਪਹੁੰਚ ਕੇ ਉਸਨੂੰ ਬਾਹਰੀ ਤੌਰ ਤੇ ਅਪਨਾਉਂਦੇ ਰਹਿੰਦੇ ਹਾਂ, ਤੇ ਉਸ ਵਿਚ ਖੋਖਲਾਪਨ ਆ ਜਾਂਦਾ ਹੈ। ਫਿਰ ਉਸ ਵਿਚੋਂ ਧਰਮ ਅਲੋਪ ਹੋ ਜਾਂਦਾ ਹੈ ਅਤੇ ਮਜ਼ਬ ਦੀ ਪੁਸ਼ਾਕ ਹੀ ਰਹਿ ਜਾਂਦੀ ਹੈ।

## ਪ੍ਰਸ਼ਨ :- ਮਹਾਰਾਜ ਆਪ ਜੀ ਨੂੰ ਸਚਖੰਡ ਨਾਨਕ ਧਾਮ ਚਲਾਉਣ ਦੀ ਕੀ ਜਰੂਰਤ ਮਹਿਸੂਸ ਹੋਈ ਜਦੋਂ ਕਿ ਧਰਤੀ ਉਪਰ ਪਹਿਲੋਂ ਵੀ ਕਈ ਸੰਸਥਾਵਾਂ ਕੰਮ ਕਰ ਰਹੀਆਂ ਹਨ ਅਤੇ ਉਹਨਾਂ ਦੇ ਅਸੂਲ ਵੀ ਲਗ ਭਗ ਇਹੀ ਹਨ ਜਿਹੜੇ ਕਿ ਸਚਖੰਡ ਨਾਨਕ ਧਾਮ ਦੇ ਹਨ?

**ਉੱਤਰ :-** ਦੂਨੀਆਂ ਦੇ ਜੀਵ ਆਪਣੇ ਸਹੀ ਮਾਰਗ ਤੋਂ ਭਟਕ ਚੁੱਕੇ ਹਨ। ਹਰ ਇਕ ਬੰਦਾ ਆਪਣੇ ਆਪ ਨੂੰ ਉੱਚਾ ਅਤੇ ਦੂਸਰੇ ਨੂੰ ਨੀਵਾਂ ਦਿਖਾ ਕੇ ਜਾਂ ਆਪਣੇ ਆਪ ਨੂੰ ਪੱਕਾ ਧਰਮੀ ਅਤੇ ਦੂਜੇ ਨੂੰ ਅਧਰਮੀ ਸਾਬਤ ਕਰਨ ਦੀ ਕੋਸ਼ਿਸ਼ ਕਰਦਾ ਹੈ। ਸਾਡੇ ਮਹਾਂ-ਪੁਰਖ ਸਾਨੂੰ ਕੀ ਸਿਖਿਆ ਦੇ ਗਏ ਅਸੀਂ ਸਿਰਫ ਉਸਨੂੰ ਪੜ੍ਹਨ ਅਤੇ ਮੱਥੇ ਟੇਕਣ ਤਕ ਹੀ ਰਹਿ ਗਏ ਹਾਂ। ਕੋਈ ਵੀ ਉਸ ਤੇ ਚਲਣ ਦੀ ਕੋਸ਼ਿਸ਼ ਨਹੀਂ ਕਰਦਾ। ਅਸੀਂ ਹਰ ਬੰਦੇ ਤੇ ਆਪਣੇ ਗਿਆਨ ਰਾਹੀਂ ਦਬਾ ਪਾਉਣ ਦੀ ਕੋਸ਼ਿਸ਼ ਕਰਦੇ ਹਾਂ। ਵਡਿਆਂ ਵਡਿਆਂ ਧਾਰਮਿਕ ਸਥਾਨਾਂ ਤੇ ਬੈਠੇ ਹੋਏ ਆਗੂ ਵੀ ਫਿਰਕਾਪ੍ਰਸਤੀ ਵਿਚ ਉਲਝ ਗਏ ਹਨ। ਜਦੋਂ ਕਿ ਰੱਬ ਇਕ ਹੈ ਅਤੇ ਉਸਦਾ ਹੀ ਨੂਰ ਹਰ ਇਕ ਜੀਵ ਵਿਚ ਹੈ। ਸਾਡੇ ਧਾਰਮਿਕ ਆਗੂ ਵੀ ਇਹੋ ਹੀ ਕਹਿੰਦੇ ਹਨ, ਇਹ ਸਿਰਫ ਕਹਿਣ ਤੱਕ ਹੀ ਹੈ ਪਰ ਜਦੋਂ ਅਸੀਂ ਇਕ ਦੂਜੇ ਤੇ ਜ਼ੁਲਮ ਕਰਨ ਲਗਦੇ ਹਾਂ ਫਿਰ ਸਾਨੂੰ ਉਹ ਨੂਰ ਪਤਾ ਨਹੀਂ ਕਿਉਂ ਨਹੀਂ ਦਿਸਦਾ। ਹਰ ਇਕ ਮਜ਼ਬ ਦੇ ਲੋਕ ਪੜ੍ਹਨ ਪੜ੍ਹਾਉਣ ਤਕ ਹੀ ਸੀਮਤ ਰਹਿ ਗਏ ਹਨ। ਹਿੰਦੂ ਸੋਚਦੇ ਹਨ ਕਿ ਮੰਦਰ ਗਏ ਪ੍ਰਸ਼ਾਦ ਚੜ੍ਹਾਇਆ ਆਰਤੀ ਕੀਤੀ ਅਤੇ ਘਰ ਆ ਗਏ, ਬਸ ਸਾਡਾ ਕਰਮ ਪੂਰਾ ਹੋ ਗਿਆ। ਸਿੱਖ ਸੋਚਦੇ ਹਨ ਪੰਜਾਂ ਬਾਣੀਆਂ ਦਾ ਪਾਠ ਕੀਤਾ, ਗੁਰਦਵਾਰੇ ਗਏ ਲੰਗਰ ਛਕਿਆ ਬਸ ਜੀਵਨ ਸਫਲ ਹੋ ਗਿਆ। ਮੁਸਲਮਾਨ ਸੋਚਦੇ ਹਨ ਕਿ ਪੰਜ ਨਿਮਾਜਾਂ ਪੜ੍ਹੀਆਂ ਹੋਰ ਜ਼ਰੂਰਤ ਨਹੀਂ। ਈਸਾਈ ਸੋਚਦੇ ਹਨ ਗਿਰਜਾ ਘਰ ਜਾਣਾ ਉਥੇ ਜਾਕੇ ਯੀਸਸ ਦੀਆਂ ਆਇਤਾਂ ਪੜ੍ਹੀਆਂ ਪਰੇਅਰ ਕੀਤੀ ਬਸ ਠੀਕ ਹੈ। ਪਰ ਇਸ ਮਨੁਖੀ ਜਾਮੇਂ ਦਾ ਅਸਲ ਮਕਸਦ ਕੀ ਹੈ ਇਹ ਕੋਈ ਨਹੀਂ ਜਾਣਦਾ। ਮੰਦਰ, ਗੁਰਦਵਾਰੇ, ਮਸੀਤਾਂ, ਚਰਚ, ਇਹ ਸਾਡੀਆਂ ਰੱਬੀ ਧਰਮਸ਼ਾਲਾਂ ਹਨ ਜਿਨ੍ਹਾਂ ਵਿਚ ਸਾਨੂੰ ਰੱਬ ਦੀ ਜਾਣਕਾਰੀ ਦਿੱਤੀ ਜਾਂਦੀ ਹੈ। ਸਚਖੰਡ ਨਾਨਕ ਧਾਮ ਵਿਚ ਮਹਾਂ-ਪੁਰਖਾਂ ਦੀ ਬਾਣੀ ਨੂੰ ਪ੍ਰੈਕਟੀਕਲ ਵਿਚ ਲਿਆ ਕੇ ਦਸਿਆ ਜਾਂਦਾ ਹੈ ਕਿ ਧਾਰਮਿਕ ਗ੍ਰੰਥ ਸਾਨੂੰ ਕੀ ਰਸਤਾ ਦਿੰਦੇ ਹਨ? ਉਹਨਾਂ ਦਾ ਉਪਦੇਸ਼ ਹੈ ਕਿ ਇਨਸਾਨ ਬਣੋ ਇਸ ਲਈ ਇਥੇ ਇਨਸਾਨੀਅਤ

ਦਾ ਉਪਦੇਸ਼ ਦਿੱਤਾ ਜਾਂਦਾ ਹੈ। ਕਈ ਲੋਕ ਇਹ ਵੀ ਕਹਿੰਦੇ ਹਨ ਕਿ ਇਸ ਦਾ ਨਾਮ ਸਿੱਖ ਟੈਂਪਲ ਕਿਉਂ ਨਹੀਂ ਰਖਿਆ ਪਰ ਅਸੀਂ ਕਹਿੰਦੇ ਹਾਂ ਕਿ (ਸਚਖੰਡ - ਸੱਚਾ ਘਰ, ਨਾਨਕ - ਨਿਰੰਕਾਰ ਜੋਤ, ਧਾਮ - ਘਰ ਜਾਂ ਦੇਸ਼) ਇਹ ਉਸ ਨਿਰੰਕਾਰ ਜੋਤ ਦੇ ਘਰ ਦਾ ਹਿੱਸਾ ਹੈ ਇਥੇ ਹਰੇਕ ਜੀਵ ਨੂੰ ਆਉਣ ਦੀ ਖੁਲ੍ਹ ਹੈ। ਪਰ ਉਹ ਹਿੰਦੂ, ਮੁਸਲਮਾਨ, ਸਿੱਖ ਜਾਂ ਈਸਾਈ ਬਣਕੇ ਨਾਂ ਆਵੇ ਸਿਰਫ ਇਨਸਾਨ ਬਣ ਕੇ ਆਵੇ ਅਤੇ ਇਨਸਾਨੀਅਤ ਦਾ ਉਪਦੇਸ਼ ਲੈਕੇ ਜਾਵੇ। ਹਿੰਦੂ ਨੂੰ ਹਿੰਦੂ, ਸਿੱਖ ਨੂੰ ਸਿੱਖ, ਮੁਸਲਮਾਨ ਨੂੰ ਮੁਸਲਮਾਨ, ਈਸਾਈ ਨੂੰ ਈਸਾਈ ਬਣਾਉਣਾ ਸੌਖਾ ਹੈ ਪ੍ਰੰਤੂ ਇਨ੍ਹਾਂ ਨੂੰ ਇਨਸਾਨ ਬਣਾਉਣਾ ਬਹੁਤ ਔਖਾ ਹੈ।ਕਿਉਂਕਿ ਇਨਸਾਨ ਬਣਨ ਲਈ ਉਸਨੂੰ ਆਪਣਾ ਇਰਾਦਾ ਮਜ਼ਬੂਤ ਕਰਨਾ ਪਵੇਗਾ। ਫਿਰ ਉਸਦੇ ਅੱਗੇ ਕਈ ਔਕੜਾਂ, ਮੁਸੀਬਤਾਂ ਦੇ ਤੂਫਾਨ ਖੜ੍ਹੇ ਹੋਣਗੇ। ਇਨ੍ਹਾਂ ਉਤੇ ਕਾਬੂ ਪਾਉਣ ਤੋਂ ਬਾਅਦ ਹੀ ਇਨਸਾਨ ਬਣ ਸਕਦਾ ਹੈ। ਸੋ ਸਚਖੰਡ ਨਾਨਕ ਧਾਮ ਇਨਸਾਨੀਅਤ ਦਾ ਸਬਕ ਦੇ ਕੇ ਜੀਵਾਂ ਨੂੰ ਇਨਸਾਨ ਬਣਾਉਂਦਾ ਹੈ।

## ਪ੍ਰਸ਼ਨ :- ਮਹਾਰਾਜ ਜੀ ਸਚਖੰਡ ਨਾਨਕ ਧਾਮ ਆਪਣੇ ਪੈਰੋਕਾਰਾਂ ਨੂੰ ਕਿਸ ਧਰਮ ਤੇ ਚਲਣ ਦਾ ਉਪਦੇਸ਼ ਦਿੰਦਾ ਹੈ?


**ਉੱਤਰ :-** ਸਚਖੰਡ ਨਾਨਕ ਧਾਮ ਵਿਚ ਇਨਸਾਨੀਅਤ ਦਾ ਉਪਦੇਸ਼ ਦਿੱਤਾ ਜਾਂਦਾ ਹੈ ਅਤੇ ਹਰ ਇਕ ਜੀਵ ਨੂੰ ਉਸ ਧਰਮ ਤੇ ਚਲਣ ਦੀ ਪ੍ਰੇਰਨਾ ਦਿੱਤੀ ਜਾਂਦੀ ਹੈ ਜਿਹੜਾ ਕਿ ਯੁਗਾਂ ਯੁਗਾਂ ਤੋਂ ਚਲਿਆ ਆ ਰਿਹਾ ਹੈ। ਅਤੇ ਉਹ ਕਦੇ ਬਦਲਦਾ ਨਹੀਂ। ਉਸ ਦੇ ਗੁਣ ਇਕੋ ਹੀ ਹਨ।

ਸਾਰਿਆਂ ਧਰਮਾਂ ਤੋਂ ਉੱਚਾ ਧਰਮ ਉਹੀ ਹੈ ਜਿਸ ਵਿਚ ਨਾਮ ਜਪਣ ਦੀ ਜੁਗਤੀ ਅਤੇ ਚੰਗੇ ਕਰਮ ਸਿਖਾਏ ਜਾਂਦੇ ਹੋਣ। ਸੋ ਇਹ ਸਚਖੰਡ ਨਾਨਕ ਧਾਮ ਕਰ ਰਿਹਾ ਹੈ। ਜਦੋਂ ਬੱਚਾ ਜੰਮਦਾ ਹੈ ਉਸਦਾ ਕੋਈ ਮਜ਼ਹਬ ਨਹੀਂ ਹੁੰਦਾ। ਉਹ ਸਿਰਫ ਇਕ ਇਨਸਾਨੀ ਜਾਮਾ ਲੈ ਕੇ ਹੀ ਧਰਤੀ ਤੇ ਆਇਆ ਹੋਇਆ ਹੁੰਦਾ ਹੈ। ਜੇ ਉਸਨੂੰ ਬਚਪਨ ਤੋਂ ਹੀ ਸਿਖਾਇਆ ਜਾਵੇ ਕਿ ਤੂੰ ਹਿੰਦੂ, ਮੁਸਲਮਾਨ, ਸਿੱਖ, ਈਸਾਈ ਨਹੀਂ ਤੂੰ ਤਾਂ ਸਿਰਫ ਇਕ ਇਨਸਾਨ ਹੈਂ। ਇਨਸਾਨੀਅਤ ਦੇ ਗੁਣ ਦਇਆ ਕਰਨੀ, ਸੱਚ ਬੋਲਣਾ, ਸਬਰ ਸੰਤੋਖ ਰਖਣਾ ਹੀ ਤੇਰਾ ਧਰਮ ਹੈ ਤਾਂ ਅਸੀਂ ਇਹ ਕਹਿ ਸਕਦੇ ਹਾਂ ਕਿ ਉਹ ਜਰੂਰ ਧਰਮੀ ਬਣ ਜਾਵੇਗਾ।ਪਰ ਅਸੀਂ ਸਿਰਫ ਉਸਨੂੰ ਆਪਣੇ ਆਪਣੇ ਮਜ਼ਹਬਾਂ ਦੇ ਰੀਤੀ ਰਿਵਾਜਾਂ ਤਕ ਹੀ ਸੀਮਤ ਰਖਦੇ ਹਾਂ ਇਸੇ ਕਰਕੇ ਉਹ ਵੀ ਮਜ਼ਹਬਾਂ, ਕੌਮਾਂ, ਜਾਤਾਂ ਪਾਤਾਂ, ਵਿਚ ਹੀ ਫਸ ਕੇ ਰਹਿ ਜਾਂਦਾ ਹੈ। ਸੋ ਸਚਖੰਡ ਨਾਨਕ ਧਾਮ ਇਥੇ ਆਉਣ ਵਾਲੇ ਜੀਵਾਂ ਨੂੰ ਇਹਨਾਂ ਚੀਜਾਂ ਤੋਂ ਉਪਰ ਉਠਾ ਕੇ ਆਪਸੀ ਭਾਈਚਾਰੇ ਤੇ ਪਿਆਰ ਦਾ ਸਬਕ ਦਿੰਦਾ ਹੈ ਅਤੇ ਦੁਸ਼ਟ, ਦੈਂਤ, ਦੰਭੀ ਜੀਵਾਂ ਨੂੰ ਸੰਵਾਰ ਕੇ ਦਾਸ (ਸੇਵਾਦਾਰ) ਬਣਾਉਂਦਾ ਹੈ ਤਾਂ ਜੋ ਉਹ ਦੂਜਿਆਂ ਲਈ ਜੀ ਸਕਣ।

ਪ੍ਰਸ਼ਨ :- ਮਹਾਰਾਜ ਜੀ ਸਚਖੰਡ ਨਾਨਕ ਧਾਮ ਵਿਚ ਦੋ ਨਿਸ਼ਾਨ ਸਾਹਿਬ ਲਗਾਉਣ ਦਾ ਕੀ ਮਤਲਬ ਹੈ?

ਉੱਤਰ :- ਹਾਂ ਸਚਖੰਡ ਨਾਨਕ ਧਾਮ ਵਿਚ ਦੋ ਨਿਸ਼ਾਨ ਸਾਹਿਬ ਹਨ ਇਕ ਦਾ ਰੰਗ ਕੇਸਰੀ ਹੈ ਅਤੇ ਦੂਜੇ ਦਾ ਚਿੱਟਾ। ਕੇਸਰੀ ਨਿਸ਼ਾਨ ਸਾਹਿਬ ਸਾਡੇ ਮਹਾ-ਪੁਰਖਾਂ ਦੀਆਂ ਬਹਾਦਰੀਆਂ ਅਤੇ ਕੁਰਬਾਨੀਆਂ ਦੀ ਨਿਸ਼ਾਨੀ ਹੈ ਜੋ ਕਿ ਸ਼ੁਰੂ ਤੋਂ ਚਲੀ ਆ ਰਹੀ ਹੈ। ਦੂਸਰਾ ਚਿੱਟਾ ਨਿਸ਼ਾਨ ਸਾਹਿਬ ਸਚਖੰਡ ਨਾਨਕ ਧਾਮ ਦਾ ਨਿਸ਼ਾਨ ਹੈ ਜੋ ਕਿ ਅਮਨ ਅਤੇ ਸ਼ਾਂਤੀ ਦਾ ਪ੍ਰਤੀਕ ਹੈ। ਜਿਸ ਤਰ੍ਹਾਂ ਦੋ ਦੇਸ਼ਾਂ ਦੀ ਫੌਜ ਆਪਸ ਵਿਚ ਲੜਦੀ ਹੈ ਤਾਂ ਜਿਸ ਪਾਸੇ ਵਲੋਂ ਚਿੱਟਾ ਝੰਡਾ ਖੜਾ ਕਰ ਦਿੱਤਾ ਜਾਂਦਾ ਹੈ ਤਾਂ ਦੂਜੇ ਨੂੰ ਪਤਾ ਲਗ ਜਾਂਦਾ ਹੈ ਕਿ ਉਹ ਲੜਾਈ ਕਰਨਾ ਨਹੀਂ ਚਾਹੁੰਦੇ। ਇਸੇ ਤਰ੍ਹਾਂ ਹੀ ਇਹ ਨਿਸ਼ਾਨ ਸਾਹਿਬ ਲਗਾਇਆ ਗਿਆ ਹੈ ਤਾਂ ਕਿ ਦੂਜਿਆਂ ਨੂੰ ਪਤਾ ਲਗ ਜਾਵੇ ਕਿ ਅਸੀਂ ਅਮਨ ਅਤੇ ਸ਼ਾਂਤੀ ਦੇ ਪੁਜਾਰੀ ਹਾਂ। ਕੇਸਰੀ ਨਿਸ਼ਾਨ ਸਾਹਿਬ ਚਿੱਟੇ ਨਾਲੋਂ 10 ਫੁੱਟ ਉੱਚਾ ਹੈ। ਕਿਉਂਕਿ ਉਨ੍ਹਾਂ ਦੀ ਕੁਰਬਾਨੀ ਮਹਾਨ ਹੈ। ਪਰ ਸਚਖੰਡ ਨਾਨਕ ਧਾਮ ਦੇ ਸੇਵਕ ਅਮਨ ਅਤੇ ਸ਼ਾਂਤੀ ਰਾਹੀਂ ਉਸਨੂੰ ਵੀ ਉੱਚਾ ਕਰ ਸਕਦੇ ਹਨ।

ਪ੍ਰਸ਼ਨ :- ਮਹਾਰਾਜ ਤੁਸੀਂ ਸਚਖੰਡ ਨਾਨਕ ਧਾਮ ਦਾ ਨਿਸ਼ਾਨ, ਸ਼ਮਸ਼ੀਰ ਤੇ ਮਾਲਾ ਦਿੱਤਾ ਹੈ ਇਸ ਦਾ ਕੀ ਮਤਲਬ ਹੈ?



ਉੱਤਰ :- ਸ਼ਮਸ਼ੀਰ ਤੇ ਮਾਲਾ ਸਚਖੰਡ ਨਾਨਕ ਧਾਮ ਦਾ ਇਕ ਟਰੇਡ ਮਾਰਕ ਹੈ। ਸ਼ਮਸ਼ੀਰ ਦਾ ਮਤਲਬ ਹੈ ਸ਼ਕਤੀ ਅਤੇ ਮਾਲਾ ਦਾ ਮਤਲਬ ਹੈ ਭਗਤੀ। ਸ਼ਮਸ਼ੀਰ ਅੰਦਰ ਹੈ ਅਤੇ ਮਾਲਾ ਬਾਹਰ ਹੈ। ਇਸ ਮਾਲਾ ਨੇ ਸ਼ਮਸ਼ੀਰ ਨੂੰ ਢੱਕ ਕੇ ਰਖਿਆ ਹੈ। ਅਸੀਂ ਚਾਹੁੰਦੇ ਹਾਂ ਕਿ ਅਮਨ ਅਤੇ ਪਿਆਰ ਨਾਲ ਹੀ ਹਰ ਇਕ ਮਸਲਾ ਹਲ ਹੋਵੇ। ਕਿਉਂਕਿ ਮਾਲਾ ਦੇ ਆਸਰੇ ਹੀ ਸ਼ਮਸ਼ੀਰ ਖੜੀ ਹੈ। ਮਾਲਾ ਸਚਖੰਡ ਨਾਨਕ ਧਾਮ ਦਾ ਨਿਸ਼ਾਨ ਹੈ ਜੋ ਕਿ ਇਕ ਰੂਹਾਨੀ ਸੈਂਟਰ ਹੈ ਅਤੇ ਸ਼ਮਸ਼ੀਰ ਦਾਸ ਧਰਮ ਦਾ ਨਿਸ਼ਾਨ ਹੈ। ਦਾਸ ਧਰਮ ਚਾਰੇ ਪਾਸੇ ਕੰਮ ਕਰੇਗਾ। ਇਹ ਨਿਸ਼ਾਨ ਉਪਰਲੇ ਘਰ ਵਿਚ ਵੀ ਮਨਜ਼ੂਰ ਹੈ।

## ਪ੍ਰਸ਼ਨ :- ਮਹਾਰਾਜ ਆਪ ਜੀ ਦੇ ਸੇਵਕ ਤਿਲਕ ਕਿਉਂ ਲਾਉਂਦੇ ਹਨ?

ਉੱਤਰ:- ਤਿਲਕ ਸਚਖੰਡ ਨਾਨਕ ਧਾਮ ਦੀ ਮਰਯਾਦਾ ਹੈ ਅਤੇ ਇਹ ਸੂਰਬੀਰਤਾ ਦੀ ਨਿਸ਼ਾਨੀ ਹੈ। ਜੰਗ ਦੇ ਵਕਤ ਲੜਾਈ ਵਿਚ ਜਾਣ ਵਾਲੇ ਜੀਵ ਨੂੰ ਤਿਲਕ ਦਿੱਤਾ ਜਾਂਦਾ ਹੈ ਇਸੇ ਤਰ੍ਹਾਂ ਸਾਡੇ ਸੇਵਕ ਵੀ ਜੁਲਮ ਦੇ ਵਿਰੁਧ ਆਵਾਜ਼ ਦੇ ਕੇ ਧਰਤੀ ਤੇ ਸ਼ਾਂਤੀ (Peace On Earth) ਕਾਇਮ ਕਰਨਗੇ।

## ਪ੍ਰਸ਼ਨ :- ਮਹਾਰਾਜ ਆਪ ਜੀ ਦੇ ਸੇਵਕ ਜੋ ਵਰਦੀ ਪਾਉਂਦੇ ਹਨ ਉਸਦਾ ਕੀ ਮਤਲਬ ਹੈ?

ਉੱਤਰ :- ਵਕਤ ਮੁਤਾਬਕ ਜਿਹੜਾ ਵੀ ਮਹਾਂ-ਪੁਰਖ ਧਰਤੀ ਤੇ ਕੋਈ ਮਿਸ਼ਨ ਲੈਕੇ ਆਇਆ ਹੈ ਉਸਨੇ ਆਪਣੇ ਪੈਰੋਕਾਰਾਂ (ਸੇਵਕਾਂ) ਨੂੰ ਆਪਣਾ ਬਾਣਾ, ਸਬਜ਼ਾ, ਪੁਸ਼ਾਕ, (Uniform) ਦਿੱਤੀ ਹੈ। ਇਸੇ ਤਰ੍ਹਾਂ ਅਸੀਂ ਵੀ ਆਪਣੇ ਸੇਵਕਾਂ ਨੂੰ ਪੁਸ਼ਾਕ ਦਿੱਤੀ ਹੈ। ਇਹ ਪੁਸ਼ਾਕ ਸਿਰਫ ਉਹੀ ਸੇਵਕ ਪਾ ਸਕਦੇ ਹਨ ਜਿਹੜੇ ਆਪਣੇ ਹਿਤਾਂ ਨੂੰ ਤਿਆਗ ਕੇ ਦੂਜਿਆਂ ਦੀ ਭਲਾਈ ਵਾਸਤੇ ਸਾਡੇ ਨਾਲ ਵਚਨਬੱਧ ਹਨ।

## ਪ੍ਰਸ਼ਨ :- ਮਹਾਰਾਜ ਜੀ ਸਚਖੰਡ ਨਾਨਕ ਧਾਮ ਦੇ ਸੇਵਕ ਜਦੋਂ ਵੀ ਆਪਸ ਵਿਚ ਮਿਲਦੇ ਹਨ ਤਾਂ 'ਨਾਨਕ ਨਾਮ ਚੜ੍ਹਦੀ ਕਲਾ, ਤੇਰੇ ਭਾਣੇ ਸਰਬਤ ਦਾ ਭਲਾ' ਕਿਉਂ ਬੁਲਾਉਂਦੇ ਹਨ?

ਉੱਤਰ:- ਇਹ ਸਲੋਕ ਸਾਰੀ ਗੁਰਬਾਣੀ ਦਾ ਨਿਚੋੜ ਹੈ। ਜੋ ਕਿ ਗੁਰੂ ਨਾਨਕ ਸਾਹਿਬ ਜੀ ਨੇ ਉਚਾਰਿਆ ਹੈ। ਹਰ ਕੋਈ ਮਹਾਂ-ਪੁਰਖ ਵਕਤ ਦੀ ਨਬਜ਼ ਨੂੰ ਪਛਾਣਕੇ ਸਮੇਂ ਸਮੇਂ ਸਿਰ ਆਪਣਾ ਆਪਣਾ ਮੁਖ ਵਾਕ ਦਿੰਦਾ ਆਇਆ ਹੈ। ਜਿਵੇਂ ਕਿ ਕੋਈ ਰਾਮ ਰਾਮ,

ਕੋਈ ਜੈ ਸੀਆ ਰਾਮ, ਕੋਈ ਨਮਸਤੇ ਕੋਈ ਸਲਾਮਾ-ਲੈਕਮ, ਕੋਈ ਸਤਿ ਕਰਤਾਰ, ਕੋਈ ਸਤਿ ਸ੍ਰੀ ਅਕਾਲ, ਕੋਈ ਵਾਹਿਗੁਰੂ ਜੀ ਕਾ ਖਾਲਸਾ ਵਾਹਿਗੁਰੂ ਜੀ ਕੀ ਫਤਹਿ ਕਹਿੰਦਾ ਹੈ। ਇਸੇ ਤਰ੍ਹਾਂ ਹੀ ਅਸੀਂ ਵਕਤ ਮੁਤਾਬਿਕ ਸਚਖੰਡ ਨਾਨਕ ਧਾਮ ਦੇ ਸੇਵਕਾਂ ਨੂੰ ਨਾਨਕ ਨਾਮ ਚੜ੍ਹਦੀ ਕਲਾ, ਤੇਰੇ ਭਾਣੇ ਸਰਬਤ ਦਾ ਭਲਾ, ਦਾ ਮੁਖਵਾਕ ਦਿਤਾ ਹੈ ਜਿਸ ਦਾ ਅੰਤਰੀਵ ਭਾਵ ਇਸ ਪ੍ਰਕਾਰ ਹੈ।

1. ਨਾਨਕ ਨਾਮ :- ਪ੍ਰਮਾਤਮਾ ਦੇ ਨਾਮ ਦੀ ਵਡਿਆਈ ਮੰਗੀ ਹੈ। ਉਸ ਦਾ ਜੱਸ ਮੰਗਿਆ ਹੈ।

2. ਚੜ੍ਹਦੀ ਕਲਾ :- ਉਸ ਦੇ ਜੀਵਾਂ ਦੀ ਚੜ੍ਹਦੀ ਕਲਾ ਭਾਵ
ਇਨਸਾਨੀਅਤ, ਮਨੁਖਤਾ ਦੀ ਤਰੱਕੀ ਮੰਗੀ ਹੈ।

3. ਤੇਰੇ ਭਾਣੇ :- ਇਸ ਵਿਚ ਉਸਦੀ ਮੌਜ ਵਿਚ ਰਹਿਣ ਦੀ ਸਮਰਥਾ ਮੰਗੀ ਹੈ ਕਿ ਹੇ ਪ੍ਰਮਾਤਮਾ ਆਪਣੇ ਚਰਨਾਂ ਵਿਚ ਰਖਕੇ ਸਬਰ, ਸੰਤੋਖ, ਇਤਫਾਕ ਤੇ ਪਿਆਰ ਬਖਸ਼ੀਂ ਅਤੇ ਮਿਹਰ ਕਰੀਂ ਕਿ ਅਸੀਂ ਤੇਰੇ ਭਾਣੇ ਵਿਚ ਰਹਿ ਸਕੀਏ।

4. ਸਰਬਤ ਦਾ ਭਲਾ :- ਇਸ ਵਿਚ ਸ੍ਰਿਸ਼ਟੀ ਦੇ ਸਾਰੇ ਜੀਵਾਂ ਦਾ ਭਲਾ ਮੰਗਿਆ ਹੈ ਕਿ ਹੇ ਪ੍ਰਮਾਤਮਾ ਆਪ ਉਹਨਾਂ ਜੀਵਾਂ ਨੂੰ ਵੀ ਬਖਸ਼ ਦੇਣਾ ਜਿਹੜੇ ਤੇਰੀ ਬਰਕਤ ਤੋਂ ਬੇਮੁਖ ਹੋ ਕੇ ਅੰਨ੍ਹੇ ਗੁੰਗੇ ਅਤੇ ਬਹਿਰੇ ਹੋ ਚੁੱਕੇ ਹਨ ਅਤੇ ਇਹ ਸਚਖੰਡ ਨਾਨਕ ਧਾਮ ਵਿਚ ਪ੍ਰੈਕਟੀਕਲ ਤੌਰ ਤੇ ਹੋ ਰਿਹਾ ਹੈ। ਸੋ ਸਚਖੰਡ ਨਾਨਕ ਧਾਮ ਇਸ ਮੁਖਵਾਕ ਨੂੰ ਇਕ ਅਣੂ ਸ਼ਕਤੀ (ATOMIC POWER) ਦੇ ਰੂਪ ਵਿਚ ਮੰਨਦਾ ਹੈ ਅਤੇ ਪ੍ਰਤੱਖ ਕਰਕੇ ਵਿਖਾ ਰਿਹਾ ਹੈ।

## ਪ੍ਰਸ਼ਨ:- ਮਹਾਰਾਜ ਜੀ ਆਪਦੇ ਸੇਵਕ ਆਪਣੇ ਨਾਮ ਨਾਲ ਦਾਸ ਕਿਉਂ ਲਿਖਦੇ ਹਨ?

**ਉੱਤਰ:-** ਸਭ ਤੋਂ ਪਹਿਲਾਂ ਸਾਨੂੰ ਇਹ ਜਾਨਣਾ ਜਰੂਰੀ ਹੈ ਕਿ ਦਾਸ ਤੋਂ ਕੀ ਭਾਵ ਹੈ? ਦਾਸ ਦਾ ਮਤਲਬ ਸੇਵਾਦਾਰੀ ਹੈ ਗੁਲਾਮੀ ਨਹੀਂ। ਸੇਵਾਦਾਰੀ ਵੀ ਉਹ ਜਿਹੜੀ ਕਿ ਆਪਣਾ ਲਾਲਚ ਆਪਣਾ ਸਵਾਰਥ ਛਡ ਕੇ ਸਰਬਤ ਦੇ ਭਲੇ ਵਿਚ ਕੀਤੀ ਜਾਵੇ। ਸਾਡੇ ਸਾਰੇ ਗੁਰੂਆਂ ਤੇ ਭਗਤਾਂ ਨੇ ਵੀ ਰੱਬ ਦੇ ਘਰੋਂ ਸੇਵਾਦਾਰੀ ਹੀ ਮੰਗੀ ਹੈ। ਸੋ ਸਚਖੰਡ ਨਾਨਕ ਧਾਮ ਹਰੇਕ ਜੀਵ ਨੂੰ ਦਾਸ ਬਣਨ ਲਈ ਪ੍ਰੇਰਨਾ ਦੇ ਰਿਹਾ ਹੈ ਅਤੇ ਇਸ ਦਾ ਮੁਖਵਾਕ ਵੀ ਸਰਬਤ ਦੇ ਭਲੇ ਦਾ ਹੈ ਭਾਵ 'Do something for somebody else in your life' ਆਪਣੇ ਹਿਤਾਂ ਲਈ ਜਿਊਣਾ ਕੋਈ ਜਿੰਦਗੀ ਨਹੀਂ ਹੈ। ਸਾਰੇ ਰੱਬੀ ਅਵਤਾਰ ਆਪ ਦੂਸਰਿਆਂ ਲਈ ਜੀਏ ਅਤੇ ਸਾਨੂੰ ਦੂਸਰਿਆਂ ਲਈ ਜੀਊਣ ਦਾ ਉਪਦੇਸ਼ ਦੇ ਕੇ ਗਏ। ਅਸੀਂ ਖੁਦ ਵੀ ਆਪਣੇ ਆਪ ਨੂੰ ਕਹਿੰਦੇ ਹਾਂ ਕਿ ਅਸੀਂ ਦਾਸ ਬਣ ਕੇ ਆਏ ਹਾਂ ਅਤੇ ਲੋਕ ਭਲਾਈ ਦਾ ਮਿਸ਼ਨ ਲੈ ਕੇ ਆਏ ਹਾਂ। ਅਸੀਂ ਤੁਹਾਡੇ ਲੋਕਾਂ ਦੇ ਸੇਵਾਦਾਰ ਹਾਂ ਅਤੇ ਤੁਸੀਂ ਵੀ ਜੰਤਾ ਦੀ ਸੇਵਾ ਲਈ ਉਠੋ। ਜਿਹੜਾ ਇਸ ਚੀਜ਼ ਨੂੰ ਹਿਰਦੇ

ਵਿਚ ਧਾਰ ਕੇ ਲੋਕ ਭਲਾਈ ਲਈ ਕਦਮ ਚੁੱਕਣ ਲਈ ਤਿਆਰ ਹੈ ਉਹ ਦਾਸ ਹੈ ਅਤੇ ਉਹ ਆਪਣੇ ਨਾਂ ਨਾਲ ਦਾਸ ਜੋੜ ਸਕਦਾ ਹੈ ।

## ਪ੍ਰਸ਼ਨ:- ਮਹਾਰਾਜ ਜੀ ਦਾਸ ਧਰਮ ਦਾ ਕੀ ਮਤਲਬ ਹੈ?

**ਉੱਤਰ:-** ਜੇ ਅਸੀਂ ਸ਼ਬਦਾਂ ਦੇ ਤੌਰ ਤੇ ਲਈਏ ਤਾਂ ਦਾਸ ਦਾ ਮਤਲਬ ਹੈ ਸੇਵਾਦਾਰ ਅਤੇ ਧਰਮ ਹੈ ਇਨਸਾਨੀਅਤ, ਮਨੁਖਤਾ ਜਾਂ ਇਉਂ ਕਹਿ ਲਉ ਮਨੁਖਤਾ ਦਾ ਸੇਵਾਦਾਰ । ਜਿਹੜੇ ਲੋਕ ਆਪਣਾ ਸੁਖ ਦੂਜਿਆਂ ਤੋਂ ਵਾਰਨ ਲਈ ਤਿਆਰ ਹੋਣਗੇ ਉਹ ਦਾਸ ਧਰਮ ਦੇ ਮੈਂਬਰ ਹੋਣਗੇ । ਇਨ੍ਹਾਂ ਦਾਸਾਂ ਦੇ ਵਿਚ ਧਰਮ ਦੇ ਚਾਰ ਗੁਣ ਹੋਣਗੇ ਦਇਆ ਵੀ ਹੋਵੇਗੀ, ਸਚ ਤੇ ਵੀ ਚਲਣਗੇ, ਸੰਤੋਖ ਆਪਣੇ ਮਾਲਕ ਦੀ ਖੁਸ਼ੀ ਵਿਚ ਹੀ ਖੁਸ਼ੀ ਮਹਿਸੂਸ ਕਰਨਗੇ ਅਤੇ ਇਨ੍ਹਾਂ ਨੂੰ ਨਾਮ ਦੀ ਵੀ ਪ੍ਰਾਪਤੀ ਹੋਵੇਗੀ । ਇਨ੍ਹਾਂ ਕੋਲੋਂ ਸੇਵਾ ਕਰਵਾਈ ਜਾ ਸਕਦੀ ਹੈ । ਦਾਸ ਧਰਮ ਦੇ ਲੋਕ ਹਿੰਦੂ, ਮੁਸਲਿਮ, ਸਿੱਖ, ਈਸਾਈ ਦਾ ਵਿਤਕਰਾ ਨਾ ਕਰਦੇ ਹੋਏ ਹਰ ਇਕ ਇਨਸਾਨ ਦੀ ਮਦਦ ਵਾਸਤੇ ਹਮੇਸ਼ਾ ਤਤਪਰ ਰਹਿਣਗੇ ਜਾ ਇਉਂ ਕਹਿ ਲਉ ਕਿ ਦਾਸ ਧਰਮ ਉਸ ਯੂਨਿਟੀ ਦਾ ਨਾਂ ਹੈ ਜਿਨ੍ਹਾਂ ਰਾਹੀਂ ਲੋਕਾਂ ਦੀ ਭਲਾਈ ਕੀਤੀ ਜਾ ਰਹੀ ਹੈ ਅਤੇ ਦੂਜਿਆਂ ਨੂੰ ਹੋਰਨਾਂ ਦੀ ਭਲਾਈ ਲਈ ਪ੍ਰੇਰਨਾ ਦਿਤੀ ਜਾ ਰਹੀ ਹੈ ।

ਜੇ ਤੁਸੀਂ ਰੱਬੀ ਤੌਰ ਤੇ ਪੁਛਣਾ ਚਾਹੁੰਦੇ ਹੋ ਤਾਂ:-

'DAS DHARAM IS A MESSAGE OF ALMIGHTY GOD'

ਦਾਸ ਧਰਮ ਸਰਬ ਕਲਾ ਸਮਰਥ ਪ੍ਰਮਾਤਮਾ ਦਾ ਇਕ ਸੰਦੇਸ਼ ਹੈ । ਦਾਸ ਧਰਮ ਦੇ ਲੋਕ ਆਪਣੇ ਉਪਰ ਜੁਲਮ ਸਹਿ ਕੇ ਵੀ ਦੂਜਿਆਂ ਨੂੰ ਖੁਸ਼ੀ ਦੇਣਗੇ । ਦਾਸ ਧਰਮ ਦੇ ਲੋਕ ਆਪਣੇ ਮਹਾਰਾਜ ਨਾਲ ਵਚਨਬੱਧ ਹਨ ਕਿ ਅਸੀਂ ਤੇਰੇ ਬੰਦਿਆਂ ਦੀ ਸੇਵਾ ਕਰਾਂਗੇ । ਦਾਸ ਧਰਮ ਜੱਗੀ ਕੰਮ ਕਰੇਗਾ । ਲੋਕ ਭਲਾਈ ਵਿਚ ਜੋ ਖੁਸ਼ੀ ਜੀਵ ਨੂੰ ਹੁੰਦੀ ਹੈ ਉਹ ਹੋਰ ਕਿਸੇ ਤਰੀਕੇ ਨਾਲ ਨਹੀਂ ਮਿਲ ਸਕਦੀ । ਲੋਕ ਸੇਵਾ ਨਾਲ ਆਤਮਾ ਨੂੰ ਆਨੰਦ ਮਿਲਦਾ ਹੈ ਅਤੇ ਜੀਵ ਮਾਣਸ ਤੋਂ ਦੇਵਤਾ ਬਣ ਜਾਂਦਾ ਹੈ । ਅਸੀਂ 22 ਨਵੰਬਰ 1981 ਨੂੰ ਦਿੱਲੀ ਡੇਰੇ ਤੇ ਕਿਹਾ ਸੀ ਕਿ:-

'ਜੋ ਦਾਸ ਧਰਮ ਮੇਂ ਆਏਂਗੇ, ਵੋਹ ਦੇਵ ਕਹਿਲਾਏਂਗੇ । ਔਰ ਸਚਖੰਡ ਨਾਨਕ ਧਾਮ ਮੇਂ ਸਮਾ ਜਾਏਂਗੇ' ।

## ਪ੍ਰਸ਼ਨ :- ਸਚਖੰਡ ਨਾਨਕ ਧਾਮ ਅਤੇ ਦਾਸ ਧਰਮ ਵਿਚ ਕੀ ਅੰਤਰ ਹੈ?

**ਉੱਤਰ:-** ਸਚਖੰਡ ਨਾਨਕ ਧਾਮ ਇਕ ਰੂਹਾਨੀ ਸੈਂਟਰ ਹੈ ਜਿਥੇ ਕਿ ਰੱਬ ਦੀ ਉਸਤਤ ਅਤੇ ਉਸ ਦੇ ਬਣਾਏ ਹੋਏ ਇਨਸਾਨ ਦੀ ਸੇਵਾ ਅਤੇ ਇਨਸਾਨੀਅਤ ਦਾ ਪ੍ਰਚਾਰ ਕੀਤਾ

ਜਾਂਦਾ ਹੈ ਅਤੇ ਹਰ ਮਨੁਖ ਨੂੰ ਆਪਣੇ ਵਾਸਤੇ ਨਹੀਂ ਬਲਕਿ ਦੂਜਿਆਂ ਵਾਸਤੇ ਜੀਊਣ ਦਾ ਸਬਕ ਦਿੱਤਾ ਜਾਂਦਾ ਹੈ। (DO SOME THING FOR SOME ONE ELSE IN YOUR LIFE) ਦਾਸ ਧਰਮ, ਸਚਖੰਡ ਨਾਨਕ ਧਾਮ ਦਾ ਇਕ ਸੰਦੇਸ਼ ਹੈ ਅਤੇ ਦਾਸ ਇਸ ਦੇ ਵਸ਼ਿੰਦੇ ਹਨ ਭਾਵ ਦਾਸ ਇਸ ਦੇ ਮੈਂਬਰ ਹਨ ਜਾਂ ਇਉਂ ਕਹਿ ਲਉ ਸਚਖੰਡ ਨਾਨਕ ਧਾਮ ਇਕ ਸਟੇਟ ਦਾ ਨਾਂ ਹੈ। ਜਿਥੇ ਰੱਬ ਦਾ ਜਸ ਕੀਤਾ ਜਾਂਦਾ ਹੈ। ਦਾਸ ਧਰਮ ਇਕ ਇਸ ਦਾ ਪਰਿਵਾਰ ਹੈ ਅਤੇ ਦਾਸ ਇਸ ਦੇ ਮੈਂਬਰ ਹਨ। ਸਚਖੰਡ ਨਾਨਕ ਧਾਮ ਇਕ UNIVERSITY ਹੈ। ਜਿਵੇਂ ਕਿ ਪਹਿਲਾਂ ਦੱਸਿਆ ਜਾ ਚੁੱਕਾ ਹੈ ਜਾ ਇਉਂ ਕਹਿ ਲਉ ਕਿ ਸਚਖੰਡ ਨਾਨਕ ਧਾਮ ਇਕ ਪ੍ਰਯੋਗਸ਼ਾਲਾ ਹੈ ਜਿਥੇ ਗੁਰਬਾਣੀ ਨੂੰ ਸਚ ਕੀਤਾ ਜਾਂਦਾ ਹੈ। ਲਫਜੀ ਮਾਇਨਿਆ ਵਿਚ ਰੱਬ ਦੇ ਘਰ ਦਾ ਇਕ ਹਿੱਸਾ ਹੈ ਜਿਥੇ ਹਰ ਮਜ਼ਬ, ਕੌਮ, ਧਰਮ, ਦਾ ਜੀਵ ਆ ਕੇ ਸਿਖਿਆ ਲੈ ਸਕਦਾ ਹੈ। ਇਹ ਕਿਸੇ ਇਕ ਫਿਰਕੇ ਵਾਸਤੇ ਨਹੀਂ ਹੈ।

## ਪ੍ਰਸ਼ਨ:- ਮਹਾਰਾਜ ਜੀ ਜਿਹੜੇ ਸੇਵਕ ਆਪਦੀ ਗੁਰੂ ਨਾਨਕ ਸਾਹਿਬ, ਕ੍ਰਿਸ਼ਨ ਮਹਾਰਾਜ ਜਾਂ ਹੋਰ ਰੱਬੀ ਅਵਤਾਰਾਂ ਨਾਲ ਤੁਲਨਾਂ ਕਰਦੇ ਹਨ ਉਹ ਕਿਥੋਂ ਤਕ ਠੀਕ ਹਨ?

ਉੱਤਰ:- ਅਸੀਂ ਸਿਰਫ ਮਹਾਰਾਜ ਦਰਸ਼ਨ ਦਾਸ ਹਾਂ ਜਾਂ ਵਧ ਤੋਂ ਵਧ ਸੇਵਕ ਵਾਸਤੇ ਉਸਦੇ ਰੂਹਾਨੀ ਗਾਈਡ ਹੋ ਸਕਦੇ ਹਾਂ ਕਿਉਂਕਿ ਅਸੀਂ ਉਸਨੂੰ ਪ੍ਰਮਾਰਥਕ ਪੱਖੋਂ ਗਿਆਨ ਦਿੱਤਾ ਹੈ। ਜਾਂ ਇੰਜ ਕਹਿ ਸਕਦੇ ਹੋ ਕਿ ਅਸੀਂ ਰੱਬੀ ਤੌਰ ਤੇ ਸੇਵਕ ਦੇ ਵਿਚੋਲੇ ਹਾਂ। ਵਿਚੋਲੇ ਤੋਂ ਭਾਵ ਹੈ ਵਿਚ + ਓਲਾ . ਵਿਚੋਲਾ, ਮਤਲਬ ਕਿ ਆਤਮਾ ਅਤੇ ਪ੍ਰਮਾਤਮਾ ਵਿਚਲੇ ਓਲੇ ਨੂੰ ਖਤਮ ਕਰਨ ਵਾਲਾ। ਸੋ ਅਸੀਂ ਸੇਵਕ ਦੇ ਆਤਮਾ ਔਰ ਪ੍ਰਮਾਤਮਾ ਵਿਚਲੇ ਓਲੇ ਨੂੰ ਗਿਆਨ ਰਾਹੀਂ ਖਤਮ ਕੀਤਾ ਹੈ। ਇਸ ਤੋਂ ਵਧ ਅਸੀਂ ਕੁਝ ਨਹੀਂ ਹਾਂ। ਅਸੀਂ ਸ਼ੁਰੂ ਤੋਂ ਹੀ ਇਹੋ ਹੀ ਕਹਿੰਦੇ ਆਏ ਹਾਂ ਅਤੇ ਹੁਣ ਵੀ ਕਹਾਂਗੇ ਕਿ ਕੋਈ ਵੀ ਜੀਵ ਸਾਡੀ ਕਿਸੇ ਰੱਬੀ ਅਵਤਾਰ ਨਾਲ ਤੁਲਨਾ ਨਾ ਕਰੇ ਕਿਉਂ ਕਿ ਜੀਵ ਕੋਲ ਕੋਈ ਐਸਾ ਪੈਮਾਨਾ ਨਹੀਂ ਹੈ ਜਿਸ ਨਾਲ ਉਹ ਸਾਡੀ ਪਹਿਲੇ ਰੱਬੀ ਅਵਤਾਰਾਂ ਦੀ ਤਾਕਤ ਨਾਲ ਤੁਲਨਾ ਕਰ ਸਕੇ। ਜਿਨ੍ਹਾਂ ਸੇਵਕਾਂ ਨੂੰ ਨਾਮ ਕਮਾਈ ਭਜਨ ਸਿਮਰਨ ਜਾਂ ਸੇਵਾ ਦੇ ਜ਼ਰੀਏ ਜੇਕਰ ਕੋਈ ਪ੍ਰਮਾਤਮਾ ਦੇ ਘਰ ਦਾ ਕ੍ਰਿਸ਼ਮਾ ਦਿਸਦਾ ਹੈ ਤਾਂ ਉਸਨੂੰ ਕਦੇ ਵੀ ਇਹ ਰੌਲਾ ਨਹੀ ਪਾਉਣਾ ਚਾਹੀਦਾ। ਐਸਾ ਕਰਨ ਨਾਲ ਜੀਵ ਦੀ ਰੱਬੀ ਕਮਾਈ ਨਸ਼ਟ ਹੋ ਜਾਂਦੀ ਹੈ। ਪਰ ਜਿਹੜੇ ਭਰਪੂਰ ਹੋ ਚੁੱਕੇ ਹੁੰਦੇ ਹਨ ਉਹ ਤਾਂ ਕਦੇ ਵੀ ਬੋਲਦੇ ਨਹੀਂ। ਊਣਾ ਭਾਂਡਾ ਹੀ ਹਮੇਸ਼ਾ ਛਲਕਦਾ ਹੈ ਭਰਿਆ ਹੋਇਆ ਕਦੇ ਨਹੀਂ ਛਲਕਦਾ।

ਜਿਸ ਤਰ੍ਹਾਂ ਕੋਈ ਗੁੰਗਾ ਮਠਿਆਈ ਖਾ ਕੇ ਉਸਦੇ ਸਵਾਦ ਦਾ ਸਿਰਫ ਆਨੰਦ ਮਾਣ ਸਕਦਾ ਹੈ ਬਿਆਨ ਨਹੀਂ ਕਰ ਸਕਦਾ ਪਰ ਜੇਕਰ ਕੋਈ ਗੁੰਗਾ ਮਠਿਆਈ ਦੇ ਸਵਾਦ ਨੂੰ ਬਿਆਨ ਕਰਦਾ ਹੈ ਤਾਂ ਸਮਝੋ ਉਹ ਗੂੰਗਾ ਨਹੀਂ, ਗੂੰਗਾ ਹੋਣ ਦਾ ਅਡੰਬਰ ਰਚਾ ਰਿਹਾ ਹੈ।

ਇਸੇ ਹੀ ਤਰ੍ਹਾਂ ਜੀਵ ਪ੍ਰਮਾਤਮਾ ਦੇ ਘਰ ਦਾ ਆਨੰਦ ਮਾਣ ਜਰੂਰ ਸਕਦਾ ਹੈ। ਪ੍ਰੰਤੂ ਉਸ ਆਨੰਦ ਨੂੰ ਬਿਆਨ ਨਹੀਂ ਕਰ ਸਕਦਾ। ਪ੍ਰਮਾਤਮਾ ਦੇ ਘਰ ਦੇ ਭੇਦ ਨੂੰ ਸਿਰਫ ਕੋਈ ਪੂਰਨ ਮਹਾਂਪੁਰਖ ਹੀ ਬਿਆਨ ਕਰ ਸਕਦਾ ਹੈ ਆਮ ਜੀਵ ਨਹੀਂ। ਇਸੇ ਕਰਕੇ ਅਸੀਂ ਸਭਨਾਂ ਨੂੰ ਇਹੋ ਹੀ ਆਖਦੇ ਹਾਂ ਕਿ ਸਾਡੀ ਕਿਸੇ ਵੀ ਪਹਿਲੋਂ ਆਏ ਰੱਬੀ ਅਵਤਾਰ ਨਾਲ ਤੁਲਨਾ ਨਾਂ ਕਰੇ ਅਸੀਂ ਸਿਰਫ ਦਰਸ਼ਨ ਦਾਸ ਹਾਂ।

## ਪ੍ਰਸ਼ਨ:- ਮਹਾਰਾਜ ਜੀ ਆਪ ਜੀ ਨੇ ਨਾਮ ਦੀ ਗਲ ਕੀਤੀ ਹੈ ਕਿ ਨਾਮ ਕਮਾਈ ਨਾਲ ਦਰਸ਼ਨ ਹੁੰਦੇ ਹਨ, ਇਹ ਨਾਮ ਕੀ ਹੈ, ਕਿਥੋਂ ਅਤੇ ਕਿਵੇਂ ਪ੍ਰਾਪਤ ਕੀਤਾ ਜਾ ਸਕਦਾ ਹੈ?

**ਉੱਤਰ:-** ਆਮ ਲੋਕ ਇਸ ਨਾਮ ਨੂੰ ਗੁਰਬਾਣੀ ਦਾ ਸ਼ਬਦ ਹੀ ਸਮਝਦੇ ਹਨ ਜੋ ਕਿ ਠੀਕ ਨਹੀਂ ਹੈ। ਇਹ ਲੋਕ ਬਾਣੀ ਨੂੰ ਵਿਚਾਰਦੇ ਨਹੀਂ ਗੁਰਬਾਣੀ ਦੇ ਵਿਚੋਂ ਹੀ ਸਾਰੀਆਂ ਗਲਾਂ ਦਾ ਜਵਾਬ ਮਿਲਦਾ ਹੈ। ਤੁਸੀਂ ਪੁਛਿਆ ਹੈ ਕਿ ਨਾਮ ਕੀ ਹੈ? ਨਾਮ ਇਕ ਬਹੁਤ ਵੱਡਾ ਖਜਾਨਾ ਹੈ, ਪ੍ਰਮਾਤਮਾ ਦੇ ਘਰ ਦਾ, ਜਿਸ ਨਾਲ ਉਸ ਪ੍ਰਮਾਤਮਾ ਦੇ ਘਰ ਦੇ ਭਾਈਵਾਲ ਬਣ ਜਾਈਦਾ ਹੈ ਗੁਰਬਾਣੀ ਹੀ ਇਸ ਦਾ ਜਵਾਬ ਦਿੰਦੀ ਹੈ ਕਿ:- 'ਨਾਮੁ ਅਮੋਲਕ ਰਤਨੁ ਹੈ'।

(ਸ੍ਰੀ ਰਾਗ ਮਹਲਾ ੪ ਪੰਨਾ ੪੦)

ਨਾਮ ਇਕ ਪਾਵਰ ਹੈ, ਇਕ ਰੌਸ਼ਨੀ ਹੈ, ਇਕ ਪ੍ਰਕਾਸ਼ ਹੈ, ਇਕ ਹੀਰਾ ਹੈ ਜੋ ਕਿਸੇ ਪੂਰਨ ਮਹਾਂ-ਪੁਰਖ ਤੋਂ ਹੀ ਪ੍ਰਾਪਤ ਹੁੰਦਾ ਹੈ। ਜੋ ਕਿ ਉਹਨਾ ਦੀ ਜਨਮਾਂ ਜਨਮਾਂ ਦੀ ਕਮਾਈ ਤਪਸਿਆ, ਭਗਤੀ ਦਾ ਬੀਜ ਹੁੰਦਾ ਹੈ ਜੋ ਕਿ ਹਿਰਦੇ ਰੂਪੀ ਜਮੀਨ ਵਿਚ ਬੀਜਿਆ ਜਾਂਦਾ ਹੈ। ਬੀਜ ਬੀਜਣ ਤੋਂ ਪਹਿਲਾਂ ਇਸ ਹਿਰਦੇ ਰੂਪੀ ਜਮੀਨ ਦੀ ਤਿਆਰੀ ਕਰਨੀ ਪਵੇਗੀ। ਜਿਸ ਤਰ੍ਹਾਂ ਜਮੀਨ ਨੂੰ ਹਲ ਵਾਹ ਕੇ, ਖਾਦ ਪਾ ਕੇ ਤਿਆਰ ਕੀਤਾ ਜਾਂਦਾ ਹੈ ਇਸੇ ਤਰ੍ਹਾਂ ਇਸ ਹਿਰਦੇ ਰੂਪੀ ਜਮੀਨ ਨੂੰ ਸੱਚ ਸੇਵਾ ਸਾਧ ਸੰਗਤ, ਸਰਬਤ ਦੇ ਭਲੇ ਅਤੇ ਸ਼ਹਾਦਤ ਵਿਚ ਲਿਆ ਕੇ ਤਿਆਰ ਕਰਨਾ ਪਵੇਗਾ। ਫਿਰ ਉਸ ਵਿਚ ਨਾਮ ਦਾ ਬੀਜ ਬੀਜਣਾਂ ਪਵੇਗਾ। ਜੇਕਰ ਬੰਜਰ ਜਮੀਨ ਵਿਚ ਬੀਜ ਸੁਟ ਦੇਈਏ ਤਾਂ ਬੀਜ ਖਰਾਬ ਹੋ ਜਾਂਦਾ ਹੈ, ਪੂਰੀ ਤਰ੍ਹਾਂ ਉਗਦਾ ਨਹੀਂ ਇਸੇ ਤਰ੍ਹਾਂ ਇਸ ਨਾਮ ਰੂਪੀ ਬੀਜ ਬੀਜਣ ਲਈ ਹਿਰਦੇ ਰੂਪੀ ਜਮੀਨ ਦੀ ਤਿਆਰੀ ਬਹੁਤ ਜਰੂਰੀ ਹੈ।

### 1. ਨਾਮ ਕਿੰਨੇ ਤਰ੍ਹਾਂ ਦਾ ਹੈ?

ਨਾਮ ਦੋ ਤਰ੍ਹਾਂ ਦਾ ਹੈ ਇਕ ਵਰਨ ਆਤਮਿਕ, ਅਤੇ ਇਕ ਧੁਨ ਆਤਮਿਕ। ਵਰਨ ਆਤਮਿਕ ਉਹ ਹੈ ਜੋ ਲਿਖਣ, ਬੋਲਣ, ਪੜ੍ਹਨ, ਅਤੇ ਸੁਣਨ ਵਿਚ ਆਉਂਦਾ ਹੈ। ਧੁਨ ਆਤਮਿਕ ਉਹ ਹੈ ਜੋ 24 ਘੰਟੇ ਸਾਡੇ ਅੰਦਰ ਸਰੀਰ ਵਿਚ ਵਜਦਾ ਰਹਿੰਦਾ ਹੈ। ਜਿਸ ਨੂੰ ਅਨਹਦ ਸ਼ਬਦ ਜਾ ਅਨਹਦ ਬਾਣੀ ਵੀ ਕਿਹਾ ਜਾਂਦਾ ਹੈ।

'ਉਥੇ ਅਨਹਦ ਬਾਣੀ ਵਜਹਿ ਦਿਨ ਰਾਤਿ ਗੁਰਮਤੀ ਸਬਦੁ ਸੁਣਾਵਣਿਆ'।
'(ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ)'

ਇਹ ਵਰਨ ਆਤਮਿਕ ਪੌੜੀ ਦਾ ਪਹਿਲਾ ਡੰਡਾ ਹੈ ਅਤੇ ਧੁਨ ਆਤਮਿਕ ਆਖੀਰਲਾ। ਇਸ ਪਹਿਲੇ ਡੰਡੇ ਤੋਂ ਚੜ੍ਹਨਾਂ ਸ਼ੁਰੂ ਹੋ ਕੇ ਆਖੀਰਲੇ ਡੰਡੇ ਤਕ ਪਹੁੰਚਿਆ ਜਾ ਸਕਦਾ ਹੈ। ਹੁਣ ਸਾਨੂੰ ਇਹ ਪਤਾ ਲਗ ਗਿਆ ਕਿ ਨਾਮ ਕੀ ਹੈ ਅਤੇ ਕਿੰਨੇ ਤਰ੍ਹਾਂ ਦਾ ਹੈ। ਦੂਜਾ ਸਵਾਲ ਤੁਹਾਡਾ ਹੈ ਕਿਥੋਂ ਮਿਲੇਗਾ? ਇਸ ਦਾ ਜਵਾਬ ਵੀ ਨਾਲ ਬਾਣੀ ਹੀ ਦਿੰਦੀ ਹੈ:-

"ਨਾਮੁ ਅਮੋਲਕ ਰਤਨੁ ਹੈ, ਪੂਰੇ ਸਤਿਗੁਰ ਪਾਸਿ"

ਜੇ ਬਾਣੀ ਕਹਿੰਦੀ ਹੈ ਕਿ ਨਾਮ ਕੀਮਤੀ ਹੀਰਾ ਹੈ ਤਾਂ ਫਿਰ ਹੀਰੇ ਤਾ ਦੋ ਹੀ ਜਗਹ ਤੇ ਮਿਲ ਸਕਦੇ ਹਨ। ਇਕ ਤਾਂ ਜਿਥੇ ਹੀਰਿਆਂ ਦੀ ਖਾਨ ਹੋਵੇ ਜਾਂ ਫਿਰ ਕਿਸੇ ਸ਼ਾਹੂਕਾਰ ਦੀ ਤਿਜ਼ੋਰੀ ਵਿਚ ਹੁੰਦੇ ਹਨ ਕਿਉਂਕਿ ਹੀਰੇ ਐਵੇਂ ਰੁਲਦੇ ਨਹੀਂ ਫਿਰਦੇ ਜੋ ਕਿ ਹਰ ਇਕ ਦੇ ਹੱਥ ਲਗ ਜਾਣ ਉਹ ਪੱਕੀਆਂ ਤਿਜ਼ੋਰੀਆਂ ਵਿਚ ਹੀ ਹੋਇਆ ਕਰਦੇ ਹਨ। ਤਾਂ ਹੀ ਬਾਣੀ ਨੇ ਕਿਹਾ ਹੈ 'ਪੂਰੇ ਸਤਿਗੁਰ ਪਾਸਿ' ਇਹ ਤਾਂ ਪੂਰਨ ਪੁਰਖ, ਪੂਰਾ ਸਤਿਗੁਰ ਹੋਵੇ ਤਾਂ ਹੀ ਉਸ ਤੋਂ ਮਿਲ ਸਕਦਾ ਹੈ। ਫਿਰ ਨਾਲ ਹੀ ਤੁਹਾਡਾ ਇਹ ਸਵਾਲ ਹੈ ਕਿ ਕਿਵੇਂ ਪ੍ਰਾਪਤ ਕੀਤਾ ਜਾ ਸਕਦਾ ਹੈ? ਉਸ ਦਾ ਜਵਾਬ ਵੀ ਨਾਲ ਹੀ ਗੁਰੂ ਰਾਮ ਦਾਸ ਜੀ ਅਗਲੀ ਪੰਕਤੀ ਵਿਚ ਦਿੰਦੇ ਹਨ ਕਿ:-

'ਸਤਿਗੁਰ ਸੇਵੈ ਲਗਿਆ ਕਢਿ ਰਤਨੁ ਦੇਵੈ ਪਰਗਾਸਿ'।

ਭਾਵ ਕਿ ਪੂਰਨ ਪੁਰਖ ਦੀ ਸੇਵਾ ਕੀਤੇ ਤੋਂ ਬਿਨਾ ਇਸ ਦੀ ਪ੍ਰਾਪਤੀ ਨਹੀਂ ਹੋ ਸਕਦੀ ਇਸ ਨੂੰ ਹਾਸਲ ਕਰਨ ਲਈ ਉਸ ਦੇ ਦਰਬਾਰ ਦੀ ਸਾਧ-ਸੰਗਤ ਦੀ ਸੇਵਾ ਵਿਚ ਸਾਨੂੰ ਜੁੜਨਾ ਪਵੇਗਾ ਫਿਰ ਜਾ ਕੇ ਉਹ ਮਹਾਂ-ਪੁਰਖ ਆਪਣੀ ਤਿਜ਼ੋਰੀ ਵਿਚੋਂ ਉਹ ਕੀਮਤੀ ਹੀਰਾ (ਨਾਮ) ਕੱਢ ਕੇ ਸਾਡੀ ਝੋਲੀ ਵਿਚ ਪਾ ਦਿੰਦਾ ਹੈ। ਜਿਹੜਾ ਬੱਚਾ ਆਪਣੇ ਮਾਂ ਬਾਪ ਦੀ ਸੇਵਾ ਲਗਾਤਾਰ ਕਰਦਾ ਰਹਿੰਦਾ ਹੈ ਉਸਦੇ ਮਾਂ ਬਾਪ ਇਕ ਦਿਨ ਖੁਸ਼ ਹੋ ਕੇ ਉਸਨੂੰ ਆਪਣੇ ਖਜਾਨੇ ਜਾਂ ਆਪਣੇ ਘਰ ਦੀਆਂ ਚਾਬੀਆਂ ਉਸ ਦੇ ਹਵਾਲੇ ਕਰ ਦਿੰਦੇ ਹਨ। ਇਸੇ ਤਰ੍ਹਾਂ ਮਹਾਂ-ਪੁਰਖ ਵੀ ਸਾਨੂੰ ਨਾਮ ਨਾਲ ਜੋੜ ਕੇ ਰੱਬ ਦੀ ਰਹਿਮਤ ਦੇ ਪਾਤਰ ਬਣਾ ਦਿੰਦੇ ਹਨ। ਮਹਾਂ-ਪੁਰਖ ਆਪਣੀ ਕਮਾਈ ਵਿਚੋਂ ਨਾਮ ਦੇ ਕੇ ਸਾਡਾ ਅਕਾਊਂਟ (ACCOUNT) ਰੱਬ ਦੇ ਘਰ ਵਿਚ ਖੁਲਵਾ ਦਿੰਦੇ ਹਨ। ਜਿਸ ਵਿਚ ਜੀਵ ਦੀ ਸੇਵਾ ਸਿਮਰਨ ਨਾਮ ਕਮਾਈ ਦਾ ਫਲ ਜਮ੍ਹਾਂ ਹੁੰਦਾ ਰਹਿੰਦਾ ਹੈ। ਅਤੇ ਉਸ ਵਿਚੋਂ ਉਸ ਦੇ ਸਾਰੇ ਕੰਮ ਰਾਸ ਆਉਂਦੇ ਰਹਿੰਦੇ ਹਨ ਉਸ ਦੇ ਨਾਲ ਨਾਲ ਸਾਡੇ ਜਨਮਾਂ ਜਨਮਾਂ ਦੇ ਕੀਤੇ ਹੋਏ ਪਾਪ ਵੀ ਖੰਡਨ ਹੋ ਜਾਂਦੇ ਹਨ।

"ਗੁਰਮੁਖਿ ਕੋਟਿ ਉਧਾਰਦਾ ਦੇਹ ਨਾਵੈ ਇਕ ਕਣੀ"

ਜਿਵੇਂ ਕਿ ਮਾਚਸ ਦੀ ਇਕ ਤੀਲੀ ਹਜਾਰਾਂ ਮਣ ਲਕੜ ਸਾੜ ਕੇ ਸੁਆਹ ਕਰ ਦਿੰਦੀ ਹੈ। ਇਸ ਤੋਂ ਬਾਅਦ ਨਾਮ ਬਾਰੇ ਹੋਰ ਵੀ ਕਈ ਜੀਵਾਂ ਦੇ ਮਨਾਂ ਵਿਚ ਸਵਾਲ ਪੈਦਾ ਹੁੰਦੇ ਹਨ ਜਿਵੇਂ ਕਿ:-

1. ਕੀ ਹਰ ਇਕ ਜੀਵ ਨਾਮ ਲੈ ਸਕਦਾ ਹੈ?

ਇਸ ਬਾਰੇ ਬਾਣੀ ਤਾਂ ਇਹ ਕਹਿੰਦੀ ਹੈ ਕਿ ਨਾਮ ਮਿਲ ਜਾਣਾ ਇਸ ਜਨਮ ਦੇ ਸੰਸਕਾਰਾਂ ਦਾ ਫਲ ਨਹੀਂ ਹੁੰਦਾ ਬਲਕਿ ਪਿਛਲੇ ਜਨਮਾਂ ਦੇ ਸੰਸਕਾਰ ਵੀ ਇਸ ਨਾਲ ਜੁੜਦੇ ਹਨ ਜਿਵੇਂ ਗੁਰੂ ਅਮਰਦਾਸ ਜੀ ਦੀ 61 ਸਾਲ ਦੀ ਅਵਸਥਾ ਐਵੇਂ ਹੀ ਪਾਠ ਪੂਜਾ ਵਿਚ ਗੁਆਚ ਗਈ ਆਖਰ ਉਹਨਾਂ ਨੇ ਆਪਣੀ ਬਾਣੀ ਆਨੰਦ ਸਾਹਿਬ ਵਿਚ ਫੁਰਮਾਨ ਕੀਤਾ :-

"ਧੁਰਿ ਕਰਮ ਪਾਇਆ ਤੁਧ ਜਿਨ ਕਉ ਸੇ ਨਾਮ ਹਰਿ ਕੇ ਲਾਗੇ ॥

ਜਿਨ੍ਹਾਂ ਦੇ ਧੁਰੋਂ ਕਰਮ ਚੰਗੇ ਹੁੰਦੇ ਹਨ ਉਹਨਾਂ ਨੂੰ ਨਾਮ ਦੀ ਪ੍ਰਾਪਤੀ ਹੁੰਦੀ ਹੈ ਪਰ ਓਹਨਾਂ ਦਾ 61 ਸਾਲ ਦਾ ਜਪ ਤਪ, ਪਾਠ ਪੂਜਾ, ਤੀਰਥਾਂ ਦੇ ਇਸ਼ਨਾਂਨਾਂ ਦਾ ਫਲ ਪ੍ਰਮਾਤਮਾ ਨੇ ਇਹ ਦਿੱਤਾ ਕਿ ਉਹਨਾਂ ਨੂੰ ਪੂਰਨ ਪੁਰਖ ਗੁਰੂ ਅੰਗਦ ਦੇਵ ਜੀ ਦੇ ਦਰਬਾਰ ਵਿਚ ਥਾਂ ਮਿਲ ਗਈ ।

ਪਾਰਬ੍ਰਹਮ ਜਬ ਹੋਇ ਦਇਆਲੁ ॥
ਸਾਧੂ ਜਨ ਕੀ ਕਰੇ ਰਵਾਲੁ ॥

ਜਦੋਂ ਪ੍ਰਮਾਤਮਾ ਮਿਹਰ ਕਰਦਾ ਹੈ ਜਾਂ ਪਿਛਲੇ ਕੀਤੇ ਹੋਏ ਚੰਗੇ ਕਰਮਾਂ ਦਾ ਫਲ ਜੀਵ ਨੂੰ ਦਿੰਦਾ ਹੈ ਤਾਂ ਉਸਨੂੰ ਉਹ ਕਿਸੇ ਮਹਾਂ-ਪੁਰਖ ਦੀ ਸ਼ਰਨ ਵਿਚ ਭੇਜ ਦਿੰਦਾ ਹੈ। ਉਥੇ ਫਿਰ ਉਸਨੂੰ ਸੇਵਾ ਕਰਨ ਤੋਂ ਬਾਅਦ ਨਾਮ ਮਿਲਦਾ ਹੈ ਜਿਵੇਂ ਗੁਰੂ ਅਮਰਦਾਸ ਨੂੰ 12 ਸਾਲ ਸੇਵਾ ਕਰਨੀ ਪਈ ਬਿਨਾ ਕ੍ਰਿਪਾ ਤੋਂ ਨਾਮ ਨਹੀਂ ਮਿਲਦਾ ।

"ਕੋਈ ਅਨਿਕ ਉਪਾਵ ਕਰੇ ਬਹੁਤੇਰੇ ਬਿਨ ਕ੍ਰਿਪਾ ਨਾਮ ਨਾ ਪਾਵੈ"
ਪ੍ਰਭੁ ਕ੍ਰਿਪਾਲ ਕਿਰਪਾ ਕਰੈ ॥ ਨਾਮੁ ਨਾਨਕ ਸਾਧੂ ਸੰਗਿ ਮਿਲੈ ॥
(ਅੰਕ 211)

ਇਥੇ ਗੁਰਬਾਣੀ ਹੀ ਫੈਸਲਾ ਕਰਦੀ ਹੈ ਕਿ ਭਾਵ ਨਾਮ ਸਾਧੂ ਮਹਾਤਮਾ ਜਾ ਪੂਰਨ ਪੁਰਖ ਹੀ ਦੇ ਸਕਦਾ ਹੈ ।

ਦੂਜਾ ਸਵਾਲ ਫਿਰ ਉਠਦਾ ਹੈ ਕਿ:-

ਕੀ ਮੈ ਆਪਣਾ ਨਾਮ (ਸ਼ਬਦ) ਦੂਸਰੇ ਨੂੰ ਦੱਸ ਸਕਦਾ ਹਾਂ?

ਇਸ ਦੇ ਜਵਾਬ ਵਿਚ ਅਸੀਂ ਇਹੋ ਹੀ ਕਹਿੰਦੇ ਆਏ ਹਾਂ ਕਿ ਇਹ ਨਾਮ ਦੂਜੇ ਜੀਵ ਜਿਸਨੇ ਨਾਮ ਨਹੀਂ ਲਿਆ ਉਸਨੂੰ ਦਸਣਾ ਨਹੀਂ ਚਾਹੀਦਾ। ਇਸ ਦਾ ਕਾਰਨ ਇਹ ਹੈ ਕਿ ਨਾਮ ਇਕ CODE WORD ਵੀ ਹੈ ਜਿਵੇਂ ਕਿ ਹਰ ਮਿਲਟਰੀ ਦਾ ਕੋਡ ਵਰਡ ਹੁੰਦਾ ਹੈ।

ਜਦੋਂ ਕੋਈ ਸਿਪਾਹੀ ਇਧਰ ਉਧਰ ਫੜਿਆ ਜਾਂਦਾ ਹੈ ਜਾਂ ਉਹ ਜਦੋਂ ਕਿਸੇ ਦੇ ਕਾਬੂ ਆ ਜਾਂਦਾ ਹੈ ਤਾਂ ਉਸਨੂੰ ਕੋਡ ਵਰਡ ਪੁਛਦੇ ਹਨ ਜੇ ਤਾਂ ਉਹ ਇਸੇ ਹੀ ਗਰੁਪ ਦਾ ਆਦਮੀ ਹੈ ਤਾਂ ਉਹ ਕੋਡ ਵਰਡ ਨਾਲ ਛੁਟ ਜਾਂਦਾ ਹੈ। ਨਹੀਂ ਤਾਂ ਉਸਨੂੰ ਸਜਾਵਾਂ ਮਿਲਦੀਆਂ ਹਨ। ਇਸੇ ਤਰ੍ਹਾਂ ਇਸ ਕੋਡ ਵਰਡ ਦੀ ਅਗਲੇ ਘਰ ਵਿਚ ਇਹ ਸਰੀਰ ਛੱਡਣ ਤੋਂ ਬਾਦ ਪੁਛ ਗਿਛ ਹੁੰਦੀ ਹੈ। ਧਰਮ ਰਾਜ ਦੀ ਕਚਹਿਰੀ ਵਿਚ ਵੀ ਕੋਡ ਵਰਡ ਪੁਛਿਆ ਜਾਂਦਾ ਹੈ। ਤਾਂ ਫਿਰ ਜੀਵ ਆਪਣਾ ਉਹ ਨਾਮ ਦਸਦਾ ਹੈ। ਫਿਰ ਉਹ ਦੇਖਦੇ ਹਨ ਕਿ ਇਹ ਨਾਮ ਕਿਹੜੇ ਮਹਾ-ਪੁਰਖ ਨੂੰ ਉਪਰਲੇ ਘਰੋਂ ਅਲਾਟ ਹੋਇਆ ਹੈ ਅਤੇ ਉਸੇ ਮਹਾਂ-ਪੁਰਖ ਦੀ ਨਗਰੀ ਵਿਚ ਉਸ ਆਤਮਾ ਨੂੰ ਪਹੁੰਚਾ ਦਿੰਦੇ ਹਨ। ਕੋਈ ਗਲਤ ਜੀਵ ਨਾਂ ਚਲਾ ਜਾਵੇ ਇਸ ਕਰਕੇ ਦਸਣਾ ਨਹੀਂ ਚਾਹੀਦਾ। ਦੂਜਾ ਨਾਮ ਦਸਣ ਵਾਲੇ ਜੀਵ ਦਾ ਪਹਿਲੇ ਜਮ੍ਹਾਂ ਕੀਤੇ ਹੋਏ ਨਾਮ ਕਮਾਈ ਵਾਲੇ ਖਜਾਨੇ ਵਿਚ ਕਮੀ ਆਉਂਣੀ ਸ਼ੁਰੂ ਹੋ ਜਾਂਦੀ ਹੈ ਅਤੇ ਅਗੋਂ ਲਈ ਉਸਦਾ ਹੋਰ ਖਜਾਨਾਂ ਜਮ੍ਹਾਂ ਨਹੀਂ ਹੁੰਦਾ।
ਜਿਆਦਾ ਤਫਸੀਲ ਲਈ ਇਕ ਕਿਤਾਬ "ਵਕਤ ਦੀ ਆਵਾਜ਼" ਸਚਖੰਡ ਨਾਨਕ ਧਾਮ ਵਲੋਂ ਛਪ ਰਹੀ ਹੈ। ਉਸ ਵਿਚੋਂ ਨਾਮ ਵਾਲਾ ਚੈਪਟਰ (CHAPTER) ਦੇਖ ਸਕਦੇ ਹੋ ਜਿਸ ਵਿਚ ਕਿ ਨਾਮ ਬਾਰੇ ਤੁਸੀਂ ਵਿਸਥਾਰ ਪੂਰਬਕ ਪੜ੍ਹ ਸਕਦੇ ਹੋ।

## ਪ੍ਰਸ਼ਨ:- ਮਹਾਰਾਜ ਜੀ, ਕੀ ਨਾਮ ਦੀ ਕੋਈ ਕੀਮਤ ਅਦਾ ਕਰਨੀ ਪੈਂਦੀ ਹੈ?

ਉੱਤਰ:- ਜੇਕਰ ਜਗੀ ਮਾਇਆ ਦੀ ਗਲ ਕਰੀਏ ਤਾਂ ਨਾਮ ਦੀ ਕੀਮਤ ਨਾਂ ਕੋਈ ਦੇ ਸਕਿਆ ਹੈ, ਨਾਂ ਕੋਈ ਦੇ ਰਿਹਾ ਹੈ ਅਤੇ ਨਾਂ ਕੋਈ ਦੇ ਹੀ ਸਕਦਾ ਹੈ। ਕਿਉਂਕਿ ਜੇਕਰ ਨਾਮ ਪੈਸੇ ਨਾਲ ਖਰੀਦਿਆ ਜਾ ਸਕਦਾ ਹੁੰਦਾ ਤਾਂ ਅੱਜ ਤੋਂ ਪਹਿਲਾਂ ਵਡੇ ਵਡੇ ਜਿੰਨੇ ਵੀ ਸ਼ਾਹੂਕਾਰ ਆਏ ਉਹ ਨਾਮ ਖਰੀਦ ਕੇ ਰੱਬ ਦੇ ਘਰ ਵਿਚ ਪ੍ਰਵਾਨ ਹੋ ਜਾਂਦੇ ਪਰ ਐਸਾ ਨਹੀਂ ਹੈ। ਮਾਇਆ ਵਾਲਾ ਜੀਵ ਤਾਂ ਬਲਕਿ ਨਾਮ ਤੋਂ ਬਹੁਤ ਦੂਰ ਹੋ ਜਾਂਦਾ ਹੈ ਕਿਉਂਕਿ ਮਾਇਆਧਾਰੀ ਜੀਵ ਦੇ ਮਨ ਵਿਚ ਮਾਇਆ ਦਾ ਅਭਿਮਾਨ ਆ ਜਾਂਦਾ ਹੈ ਪਰ ਨਾਮ ਦਾ ਰਸਤਾ ਹਿਰਦੇ ਦੀ ਗਰੀਬੀ, ਨਿਮਰਤਾ ਦਾ ਹੈ। ਨਾਮ ਦੇ ਬਰਾਬਰ ਦੁਨੀਆਂ ਦਾ ਕੋਈ ਪਦਾਰਥ ਉੱਤਰ ਨਹੀਂ ਸਕਦਾ। ਸੁਖਮਨੀ ਸਾਹਿਬ ਵਿਚ ਗੁਰੂ ਅਰਜਨ ਸਾਹਿਬਾਨ ਫੁਰਮਾਂਦੇ ਹਨ :-

"ਨਾਮੁ ਤੁਲ ਕਿਛੁ ਅਵਰੁ ਨ ਕੋਇ ॥
ਨਾਨਕ ਗੁਰਮੁਖਿ ਨਾਮੁ ਪਾਵੈ ਜਨੁ ਕੋਇ ॥"

ਜੇਕਰ ਨਾਮ ਦੇ ਬਰਾਬਰ ਕੋਈ ਚੀਜ ਹੈ ਹੀ ਨਹੀਂ ਫਿਰ ਕਿਹੜੀ ਕੀਮਤ ਦਿੱਤੀ ਜਾ ਸਕਦੀ ਹੈ। ਇਸ ਦਾ ਜਵਾਬ ਗੁਰੂ ਸਾਹਿਬਾਨ ਇਸ ਪ੍ਰਕਾਰ ਦਿੰਦੇ ਹਨ:-

"ਬਹੁ ਸਾਸਤ੍ਰ ਬਹੁ ਸਿਮ੍ਰਿਤੀ ਪੇਖੇ ਸਰਬ ਢਡੋਲਿ ॥
ਪੂਜਸਿ ਨਾਹੀ ਹਰਿ ਹਰੇ ਨਾਨਕ ਨਾਮ ਅਮੋਲ ॥"

ਭਾਵ ਕਿ ਸਾਰੇ ਸ਼ਾਸਤ੍ਰ ਸਿਮਰਤੀਆਂ ਬੇਦਾਂ ਵਿਚ ਖੋਜਣ ਤੋਂ ਬਾਅਦ ਇਹ ਨਤੀਜਾ ਕਢਿਆ ਹੈ ਕਿ ਨਾਮ ਇਕ ਅਮੋਲਕ ਵਸਤੂ ਹੈ ਜਿਸ ਦੀ ਕੀਮਤ ਨਹੀਂ ਦਿੱਤੀ ਜਾ ਸਕਦੀ। ਜੇਕਰ ਇਸ ਨਾਮ ਦੀ ਕੋਈ ਕੀਮਤ ਹੈ ਤਾਂ ਉਹ ਹੈ ਸਚ, ਸੇਵਾ, ਸਿਦਕ, ਸਾਧਸੰਗਤ, ਸਰਬਤ ਦਾ ਭਲਾ ਅਤੇ ਸ਼ਹਾਦਤ ਭਾਵ ਤਿਆਗ ਵਿਸ਼ੇ ਵਿਕਾਰਾਂ ਦਾ।

## ਪ੍ਰਸ਼ਨ:- ਮਹਾਰਾਜ ਜੀ ਨਾਮ ਅਤੇ ਅਮ੍ਰਿਤ ਵਿਚ ਕੀ ਅੰਤਰ ਹੈ?

ਉੱਤਰ:- ਸਚਖੰਡ ਨਾਨਕ ਧਾਮ ਗੁਰੂ ਗ੍ਰੰਥ ਸਾਹਿਬ ਦੀ ਸਿਖਿਆ ਨੂੰ ਅਮਲੀ ਜਾਮਾ ਦੇ ਰਿਹਾ ਹੈ। ਕਿਉਂਕਿ ਉਸ ਦਾ ਫੈਸਲਾ ਰੱਬੀ ਫੈਸਲਾ ਮੰਨਿਆ ਗਿਆ ਹੈ। ਨਾਮ ਬਾਰੇ ਪਹਿਲਾਂ ਦਸ ਹੀ ਚੁਕੇ ਹਾਂ ਗੁਰਬਾਣੀ ਵਿਚ ਉਸ ਅਮ੍ਰਿਤ ਦੀ ਮਹਿਮਾ ਕੀਤੀ ਗਈ ਹੈ ਜਿਹੜਾ ਸਾਡੇ ਦਸਵੇਂ ਦੁਆਰ ਵਿਚ ਬੂੰਦ ਬੂੰਦ ਕਰਕੇ ਟਪਕਦਾ ਹੈ ਜਿਵੇਂ

"ਝਿਮ ਝਿਮ ਵਰਸੈ ਅੰਮ੍ਰਿਤ ਧਾਰਾ" ਜਾਂ
ਝਿਮ ਝਿਮ ਅੰਮ੍ਰਿਤ ਵਰਸਦਾ ॥ ਬੋਲਾਇਆ ਬੋਲੀ ਖਸਮ ਦਾ"

ਇਸ ਅਮ੍ਰਿਤ ਨੂੰ ਛਕਣ ਵਾਸਤੇ ਗੁਰਬਾਣੀ ਨੇ ਜੋਰ ਦਿੱਤਾ ਹੈ ਜਦੋਂ ਤਕ ਇਹ ਅੰਮ੍ਰਿਤ ਆਤਮਾ ਨੂੰ ਨਹੀਂ ਮਿਲਦਾ ਉਦੋਂ ਤਕ ਆਤਮਿਕ ਸ਼ਾਂਤੀ ਨਹੀਂ ਮਿਲਦੀ। ਚਾਹੇ ਜਿਨ੍ਹੀਆਂ ਮਰਜੀ ਕੋਸ਼ਿਸ਼ਾਂ ਕੀਤੀਆਂ ਜਾਣ। ਜਦੋਂ ਇਹ ਅਮ੍ਰਿਤ ਮਿਲ ਜਾਂਦਾ ਹੈ ਤਾਂ ਮਨ ਦੀ ਭਟਕਣਾ ਬੰਦ ਹੋ ਜਾਂਦੀ ਹੈ। ਅਤੇ ਇਹ ਪ੍ਰਾਪਤ ਨਾਮ, ਸ਼ਬਦ ਰਾਹੀਂ ਹੀ ਕੀਤਾ ਜਾ ਸਕਦਾ ਹੈ।

**ਝਿਮ ਝਿਮ ਵਰਸੈ ਅਮ੍ਰਿਤ ਧਾਰਾ ॥ ਮਨ ਪੀਵੈ ਸੁਣ ਸ਼ਬਦ ਬੀਚਾਰਾ ॥**

ਹੁਣ ਸਵਾਲ ਹੈ ਕਿ ਕੌਣ ਇਸ ਅਮ੍ਰਿਤ ਤਕ ਪਹੁੰਚ ਸਕਦਾ ਹੈ? ਇਸ ਨੂੰ ਪੀਣ ਜਾਂ ਪ੍ਰਾਪਤ ਕਰਨ ਦੀ ਵਿਧੀ ਪੂਰਾ ਗੁਰੂ, ਪੂਰਨ ਪੁਰਖ ਜਾਂ ਪੂਰਨ ਸਾਧੂ ਹੀ ਦਸ ਸਕਦਾ ਹੈ।

**ਹਰਿ ਅਮ੍ਰਿਤ ਬੂੰਦ ਸੁਹਾਵਣੀ ਮਿਲਿ ਸਾਧੂ ਪੀਵਣਹਾਰੁ ॥**

ਇਹ ਅਮ੍ਰਿਤ ਸਰੀਰ ਵਿਚ ਹੀ ਹੈ ਕਿਤੇ ਬਾਹਰ ਨਹੀਂ ਪਰ ਅਜ ਕਲ ਕੁਛ ਲੋਕ ਆਪਣੇ ਗਿਆਨ ਰਾਹੀਂ ਬਾਹਰੀ ਅਮ੍ਰਿਤ ਤੇ ਜਿਆਦਾ ਜੋਰ ਦਿੰਦੇ ਹਨ ਜਦ ਕਿ ਗੁਰੂ ਅੰਗਦ ਸਾਹਿਬ ਕਹਿੰਦੇ ਹਨ ਕਿ :-

**ਨਾਨਕ ਅਮ੍ਰਿਤ ਮਨੈ ਮਾਹਿ, ਪਾਈਐ ਗੁਰ ਪ੍ਰਸਾਦਿ ॥**

ਤਿਨ੍ਹੀ ਪੀਤਾ ਰੰਗ ਸਿਉ ਜਿਨ ਕਉ ਲਿਖਿਆ ਆਦਿ ॥ (ਮਹਲਾ 2)

ਉਹਨਾ ਕਿਹਾ ਹੈ ਕਿ ਅਮ੍ਰਿਤ ਸਰੀਰ ਦੇ ਅੰਦਰ ਹੀ ਹੈ ਅਤੇ ਗੁਰੂ ਦੀ ਕ੍ਰਿਪਾ ਨਾਲ ਪ੍ਰਾਪਤ ਕੀਤਾ ਜਾ ਸਕਦਾ ਹੈ। ਪਰ ਇਹ ਮਿਲਦਾ ਉਸਨੂੰ ਹੈ ਜਿਨ੍ਹਾਂ ਦੀ ਕਿਸਮਤ ਵਿਚ ਧੁਰਧਾਮ ਤੋਂ ਲਿਖਿਆ ਹੋਇਆ ਹੁੰਦਾ ਹੈ। ਉਹਨਾ ਇਹ ਵੀ ਕਿਹਾ ਕਿ:-

**ਜਿਨ ਵਡਿਆਈ ਤੇਰੇ ਨਾਮ ਕੀ ਤੇ ਰਤੇ ਮਨ ਮਾਹਿ ॥**
**ਨਾਨਕ ਅਮ੍ਰਿਤ ਏਕੁ ਹੈ ਦੂਜਾ ਅਮ੍ਰਿਤ ਨਾਹਿ ॥**

ਭਾਵ ਜਿਨ੍ਹਾ ਜੀਵਾਂ ਨੇ ਪ੍ਰਮਾਤਮਾ ਦੇ ਨਾਮ ਦੀ ਅਰਾਧਨਾ ਕੀਤੀ ਉਹਨਾਂ ਨੂੰ ਉਸ ਦੇ ਪਿਆਰ ਦਾ ਰੰਗ ਚੜ੍ਹ ਗਿਆ ਉਸ ਦੇ ਨਾਮ ਦੀ ਮਸਤੀ ਚੜ੍ਹ ਗਈ ਅਤੇ ਉਹ ਉਸ ਅਮ੍ਰਿਤ ਪੀਣ ਦੇ ਕਾਬਿਲ ਹੋ ਗਏ ਜਿਸ ਦੇ ਪੀਣ ਦੇ ਨਾਲ ਆਵਾਗਾਵਨ ਕਟਿਆ ਜਾਂਦਾ ਹੈ। ਜਿਸ ਦੇ ਪੀਣ ਦੇ ਨਾਲ ਆਦਮੀ ਮਾਣਸ ਤੋਂ ਦੇਵਤਾ ਬਣ ਜਾਂਦਾ ਹੈ। ਜਿਸ ਦੇ ਪੀਣ ਨਾਲ ਆਤਮਾ ਬਲਵਾਨ ਹੋ ਜਾਂਦੀ ਹੈ। ਉਹੀ ਇਕ ਅਮ੍ਰਿਤ ਹੈ ਦੂਜਾ ਕੋਈ ਅਮ੍ਰਿਤ ਨਹੀਂ ਹੈ।
ਗੁਰੂ ਅਰਜਨ ਦੇਵ ਜੀ ਨੇ ਕਿਹਾ ਹੈ ਕਿ:-

**"ਅਮ੍ਰਿਤ ਨਾਮੁ ਨਿਧਾਨੁ ਹੈ ਮਿਲਿ ਪੀਵਹੁ ਭਾਈ"**

ਭਾਵ ਨਾਮ ਦਾ ਖਜਾਨਾ ਪ੍ਰਾਪਤ ਕਰਕੇ ਉਹ ਅਮ੍ਰਿਤ ਪ੍ਰਾਪਤ ਕਰੋ ਜਿਸ ਨਾਲ ਸੁਖਾਂ ਦੀ ਪ੍ਰਾਪਤੀ ਹੁੰਦੀ ਹੈ। ਅਤੇ ਸਾਰੀਆਂ ਤ੍ਰਿਸ਼ਨਾਵਾਂ ਖਤਮ ਹੁੰਦੀਆਂ ਹਨ।

**ਜਿਸ ਸਿਮਰਤ ਸੁਖੁ ਪਾਈਐ, ਸਭਿ ਤਿਖਾ ਬੁਝਾਈ ॥**

ਜਗ੍ਹਾ ਜਗ੍ਹਾ ਤੇ ਬਾਣੀ ਕਹਿ ਰਹੀ ਹੈ ਕਿ:-

**"ਅਮ੍ਰਿਤ ਹਰਿ ਕਾ ਨਾਮ ਹੈ"**

ਭਾਵ ਮਹਾਂ-ਪੁਰਖਾਂ ਤੋਂ ਪ੍ਰਾਪਤ ਹੋਇਆ ਨਾਮ ਹੀ ਅਮ੍ਰਿਤ ਹੈ ਕਿਉਂਕਿ ਉਹ ਅਮ੍ਰਿਤ ਰੂਪੀ ਬ੍ਰਿਛ ਦੀ ਜੜ੍ਹ ਨਾਮ ਹੀ ਹੈ।
ਜੇ ਹੋਰ ਗਹਿਰਾਈ ਵਿਚ ਜਾਈਏ ਤਾਂ ਬਾਣੀ ਨੇ ਛੱਤੀ ਅਮ੍ਰਿਤ ਦਸੇ ਹਨ। ਜਿਹਨਾਂ ਦਾ ਆਨੰਦ ਜੀਵ ਪੂਰਨ-ਪੁਰਖ ਦੀ ਇਕ ਨਦਰਿ ਨਾਲ ਹੀ ਮਾਣ ਸਕਦਾ ਹੈ ਜਿਵੇਂ:-

**ਛਤੀਹ ਅਮ੍ਰਿਤ ਭਾਉ ਏਕੁ ਜਾ ਕਉ ਨਦਰਿ ਕਰੇਇ ॥**

ਪਰ ਜੀਵ ਦਾ ਅਸਲੀ ਨਿਸ਼ਾਨਾ ਉਹੀ ਹੈ ਜੋ ਪਹਿਲਾਂ ਦਸਿਆ ਗਿਆ ਹੈ। ਸਿਰਫ ਲਫਜ਼ਾਂ ਦੀ ਵੰਡ ਹੈ ਜਿਸ ਅਮ੍ਰਿਤ ਨੂੰ ਪੀਣ ਜਾਂ ਛਕਣ ਦੀ ਗਲ ਗੁਰਬਾਣੀ ਨੇ ਕੀਤੀ ਹੈ ਸਾਨੂੰ ਉਹ ਰਸਤਾ ਅਪਨਾਉਣਾ ਚਾਹੀਦਾ ਹੈ। ਕਿਉਂਕਿ ਬਾਣੀ:-

**ਆਦਿ ਸਚੁ ਹੈ, ਜੁਗਾਦਿ ਸਚੁ ਹੈ, ਹੈ ਭੀ ਸਚੁ, ਨਾਨਕ ਹੋਸੀ ਭੀ ਸਚੁ ਹੈ।**

**ਪ੍ਸ਼ਨ:- ਮਹਾਰਾਜ ਜੀ ਜੇਕਰ ਕਿਸੇ ਨੇ ਪਹਿਲਾਂ ਨਾਮ ਲਿਆ ਹੋਵੇ ਤਾਂ ਉਸਨੂੰ ਕੀ ਦੁਬਾਰਾ ਨਾਮ ਲੈਣ ਦੀ ਜਰੂਰਤ ਹੈ?**

ਉੱਤਰ:- ਜਿਵੇਂ ਪਹਿਲਾਂ ਦਸਿਆ ਜਾ ਚੁੱਕਾ ਹੈ ਕਿ ਨਾਮ ਸਿਰਫ ਪੂਰਨ ਪੁਰਖ ਜਾ ਪੂਰਨ ਸਾਧੂ ਹੀ ਦੇ ਸਕਦਾ ਹੈ ਜਿਵੇਂ:-

"ਜਾਂ ਕਾ ਕਹਿਆ ਦਰਗਹ ਚਲੈ ॥
ਸੋ ਕਿਸ ਕਉ ਨਦਰਿ ਲੈ ਆਵੈ ਤਲੈ ॥"

ਜਿਸ ਦਾ ਹੁਕਮ ਈਹਾਂ ਤੇ ਊਹਾਂ ਚਲਦਾ ਹੈ ਭਾਵ ਜਗ ਵਿਚ ਵੀ ਤੇ ਰੱਬ ਦੇ ਘਰ ਵਿਚ ਵੀ । ਜਿਹੜਾ ਰੱਬ ਦੇ ਘਰ ਵਿਚੋਂ ਕਿਰਪਾ ਲਿਆ ਕੇ ਜੀਵਾਂ ਵਿਚ ਵੰਡ ਸਕਦਾ ਹੋਵੇ। ਜਿਸ ਦੇ ਦਰਬਾਰ ਵਿਚੋਂ ਆਤਮਿਕ, ਮਾਨਸਿਕ, ਸਰੀਰਕ ਸੁਖ ਮਿਲ ਸਕਦੇ ਹੋਣ ਉਸ ਦੇ ਦਿੱਤੇ ਹੋਏ ਨਾਮ ਨੂੰ ਕੋਈ ਚੈਲੰਜ ਨਹੀਂ ਕਰ ਸਕਦਾ । ਬਾਕੀ ਇਹ ਮਹਾਂ-ਪੁਰਖਾਂ ਦੀ ਆਪਣੀ ਮਰਜੀ ਉਪਰ ਨਿਰਭਰ ਹੁੰਦਾ ਹੈ ਕਿ ਨਾਮ ਦੇ ਕੇ ਉਨ੍ਹਾਂ ਨੂੰ ਆਪਣੀ ਲਿਸਟ ਵਿਚ ਲਿਆਉਣਾ ਹੈ ਜਾਂ ਨਹੀਂ । ਹਾਂ ਇਨਾ ਜਰੂਰ ਹੈ ਕਿ ਜੇਕਰ ਜੀਵ ਦੇ ਪਹਿਲਾਂ ਲਏ ਹੋਏ ਨਾਮ ਨਾਲ ਉਸਦੀ ਆਤਮਿਕ ਤੌਰ ਤੇ ਪ੍ਰਮਾਰਥਕ ਦੇ ਰਸਤੇ ਤੇ ਤਰੱਕੀ ਹੋ ਰਹੀ ਹੈ ਤਾਂ ਉਸਨੂੰ ਨਾਮ ਦੇਣ ਦੀ ਜਰੂਰਤ ਨਹੀਂ ਪੈਂਦੀ ਜੇ ਪਹਿਲਾਂ ਲਏ ਹੋਏ ਨਾਮ ਦੀ ਪਹੁੰਚ ਉਪਰਲੇ ਘਰ ਤੱਕ ਨਹੀਂ ਹੈ ਤਾਂ ਅਸੀਂ ਖੁਦ ਵੀ ਕਹਿ ਦਿੰਦੇ ਹਾਂ ਕਿ ਭਾਈ ਨਾਮ ਲਵੋ ਇਹ ਮਹਾਂਪੁਰਖਾਂ ਦਾ ਨਿਜੀ ਹਿਸਾਬ ਕਿਤਾਬ ਹੁੰਦਾ ਹੈ ।

**ਪ੍ਸ਼ਨ:- ਮਹਾਰਾਜ ਜੀ ਸਚਖੰਡ ਨਾਨਕ ਧਾਮ ਵਿਖੇ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਕੀਤਾ ਗਿਆ ਹੈ ਇਸਨੂੰ ਤੁਸੀਂ ਕਿਹੜਾ ਦਰਜਾ ਦਿੰਦੇ ਹੋ? ਇਸ ਦੇ ਨਾਲ ਨਾਲ ਦੂਸਰੇ ਧਾਰਮਿਕ ਗ੍ਰੰਥਾਂ ਪ੍ਰਤੀ ਤੁਹਾਡੀ ਕੀ ਭਾਵਨਾ ਹੈ?**

ਉੱਤਰ:- ਸਚਖੰਡ ਨਾਨਕ ਧਾਮ ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਇਕ ਨਿਰੋਲ ਰੱਬੀ ਆਵਾਜ ਦੇ ਰੂਪ ਵਿਚ ਸਤਿਕਾਰਦਾ ਹੈ । ਕਿਉਂਕਿ ਇਸ ਵਿਚ ਪ੍ਰਮਾਤਮਾ ਦੀ ਉਸਤਤੀ ਗੁਰੂ ਮਹਿਮਾ ਅਤੇ ਨਾਮ ਸਿਮਰਨ ਤੋਂ ਬਿਨ੍ਹਾਂ ਹੋਰ ਕੋਈ ਚੀਜ਼ ਨਹੀਂ ਹੈ। ਇਸ ਵਿਚ ਹਰੇਕ ਧਰਮ ਨਾਲ ਸਬੰਧਤ ਭਗਤਾਂ ਦੀ ਅਤੇ ਗੁਰੂਆਂ ਦੀ ਬਾਣੀ ਹੈ ਜਿਹੜੀ ਜੀਵ ਨੂੰ ਪ੍ਰਮਾਤਮਾ ਨਾਲ ਮਿਲਣ ਦਾ ਰਸਤਾ ਦਸਦੀ ਹੈ। ਗੁਰੂ ਗ੍ਰੰਥ ਸਾਹਿਬ ਸਚਖੰਡ ਨਾਨਕ ਧਾਮ ਦਾ ਸਤਿਕਾਰ ਹੈ ਵਿਉਪਾਰ ਨਹੀਂ । ਇਸ ਦੇ ਨਾਲ ਨਾਲ ਅਸੀਂ ਬਾਕੀ ਦੂਸਰੇ ਧਾਰਮਕ ਗ੍ਰੰਥਾਂ ਦਾ ਵੀ ਆਦਰ ਕਰਦੇ ਹਾਂ ।

**ਪ੍ਰਸ਼ਨ:- ਮਹਾਰਾਜ ਜੀ ਸਚਖੰਡ ਨਾਨਕ ਧਾਮ ਵਿਚ ਆਉਣ ਵਾਲੇ ਦੂਜੇ ਧਰਮਾਂ ਨਾਲ ਸਬੰਧਤ ਲੋਕਾਂ ਨੂੰ ਸਚਖੰਡ ਨਾਨਕ ਧਾਮ ਕੀ ਦਿੰਦਾ ਹੈ?**

**ਉੱਤਰ:-** ਸਚਖੰਡ ਨਾਨਕ ਧਾਮ ਇਕ ਰੂਹਾਨੀ ਸੈਂਟਰ ਹੈ ਜਿਸ ਵਿਚੋਂ ਹਰ ਤਰ੍ਹਾਂ ਦੀ ਖੁਸ਼ੀ ਜੀਵ ਨੂੰ ਮਿਲਦੀ ਹੈ ਇਸ ਦਾ ਉਪਦੇਸ਼:-

"ਖਤ੍ਰੀ, ਬ੍ਰਾਹਮਣ, ਸੂਦ, ਵੈਸੁ, ਉਪਦੇਸ਼ ਚਹੁ ਵਰਨਾਂ ਕਉ ਸਾਂਝਾ ॥"

ਦੇ ਮੁਤਾਬਿਕ ਹਰ ਇਕ ਮਨੁਖ ਜਾਤੀ ਲਈ ਹੈ ਇਸ ਵਿਚ ਇਨਸਾਨੀਅਤ ਦਾ ਉਪਦੇਸ਼ ਦਿੱਤਾ ਜਾਂਦਾ ਹੈ ਜੋ ਪ੍ਰਮਾਰਥਕ ਰਸਤੇ ਤੇ ਚਲਣਾ ਚਾਹੇ ਉਸ ਨੂੰ ਨਾਮ ਦੀ ਦਾਤ ਦੇ ਕੇ ਪ੍ਰਮਾਰਥਕ ਰਸਤੇ ਤੇ ਤੋਰਿਆ ਜਾਂਦਾ ਹੈ। ਜੋ ਨਾ ਚਲਣਾ ਚਾਹੇ ਉਹ ਆਪਣਾ ਸਰੀਰਕ ਰੋਗ ਕਟਾ ਕੇ ਜਾਂ ਜੱਗੀ ਦਾਤਾਂ ਲੈ ਕੇ ਚਲੇ ਜਾਂਦੇ ਹੈ। ਪਰ ਇਸ ਦਾ ਉਪਦੇਸ਼ ਹਿੰਦੂ ਨੂੰ ਅਸਲੀ ਹਿੰਦੂ, ਮੁਸਲਮਾਨ ਨੂੰ ਅਸਲੀ ਮੁਸਲਮਾਨ, ਸਿੱਖ ਨੂੰ ਅਸਲੀ ਸਿੱਖ ਅਤੇ ਈਸਾਈ ਨੂੰ ਅਸਲੀ ਈਸਾਈ ਬਣਨ ਵਾਸਤੇ ਹੈ ਨਾ ਕਿ ਕਿਸੇ ਨੂੰ ਜਬਰਦਸਤੀ ਕੁਛ ਕਰਨ ਵਾਸਤੇ ਕਿਹਾ ਜਾਂਦਾ ਹੈ। ਸਚਖੰਡ ਨਾਨਕ ਧਾਮ ਆਪਸ ਵਿਚ ਭਾਈਚਾਰਾ, ਏਕਤਾ ਅਤੇ ਪਿਆਰ ਪ੍ਰੈਕਟੀਕਲ ਤੌਰ ਤੇ ਪੈਦਾ ਕਰ ਰਿਹਾ ਹੈ ਨਾਂ ਕਿ ਜਾਤਾਂ ਪਾਤਾਂ, ਊਚ ਨੀਚ, ਮਜ਼ਬਾਂ ਕੌਮਾਂ ਦੇ ਝਗੜੇ ਖੜੇ ਕਰਨ ਵਾਸਤੇ ਕਹਿ ਰਿਹਾ ਹੈ। ਸਚਖੰਡ ਨਾਨਕ ਧਾਮ ਮਾਨਵ ਏਕਤਾ ਲਈ ਹਰ ਕੁਰਬਾਨੀ ਕਰਨ ਵਾਸਤੇ ਤਿਆਰ ਹੈ ਅਤੇ ਦੂਜੇ ਜੀਵਾਂ ਨੂੰ ਵੀ ਜਾਗ੍ਰਿਤ ਕਰ ਰਿਹਾ ਹੈ ਜਿਹੜੇ ਕੁਝ ਕੁ ਸ਼ਰਾਰਤੀ ਲੋਕਾਂ ਦੇ ਪਿਛੇ ਲਗ ਕੇ ਆਪਣਾ ਜੀਵਨ ਬਰਬਾਦ ਕਰ ਰਹੇ ਹਨ। ਸਚਖੰਡ ਨਾਨਕ ਧਾਮ ਹਰ ਧਰਮ, ਮਜ਼ਬ ਕੌਮ ਨੂੰ ਆਪਸ ਵਿਚ ਗਲਵਕੜੀ ਪਾ ਕੇ ਰਹਿਣ ਦਾ ਸੰਦੇਸ਼ ਅਤੇ ਆਪਸੀ ਨਫਰਤ, ਈਰਖਾ, ਨਿੰਦਿਆ, ਚੁਗਲੀ ਤੋਂ ਦੂਰ ਰਹਿਣ ਦਾ ਸੰਦੇਸ਼ ਦਿੰਦਾ ਹੈ।

**ਪ੍ਰਸ਼ਨ :— ਮਹਾਰਾਜ ਜੀ ਸਚਖੰਡ ਨਾਨਕ ਧਾਮ ਵਿਖੇ ਇਸਤ੍ਰੀ ਜਾਤੀ ਦਾ ਕੀ ਦਰਜਾ ਹੈ?**

**ਉੱਤਰ:-** ਅਜ ਤਕ ਜਿੰਨੇ ਵੀ ਰਾਜੇ ਮਹਾਰਾਜੇ ਜਾਂ ਮਹਾਂਪੁਰਖ ਹੋਏ ਹਨ ਉਨ੍ਹਾਂ ਦੇ ਤਕਰੀਬਨ ਹਰੇਕ ਪਿਛੇ ਕਿਸੇ ਨਾਂ ਕਿਸੇ ਸ਼ਕਤੀ ਦਾ ਹੱਥ ਰਿਹਾ ਹੈ ਜਿਹੜੀ ਕਿ ਪਰਦੇ ਦੇ ਪਿਛੇ ਹਮੇਸ਼ਾ ਕੰਮ ਕਰਦੀ ਹੈ। ਜਦੋਂ ਜਦੋਂ ਵੀ ਆਦਮੀ ਵਿਚ ਕਮਜੋਰੀਆਂ ਆਈਆਂ ਔਰਤ ਨੇ ਸ਼ਕਤੀ ਦੇ ਰੂਪ ਵਿਚ ਉਸਨੂੰ ਸਹਾਰਾ ਦਿੱਤਾ ਚਾਹੇ ਉਸਨੇ ਮਾਂ ਬਣ ਕੇ ਦਿੱਤਾ, ਚਾਹੇ ਭੈਣ ਬਣਕੇ, ਚਾਹੇ ਪਤਨੀ ਬਣ ਕੇ, ਚਾਹੇ ਮਹਿਬੂਬ ਬਣ ਕੇ। ਔਰਤ ਚਾਹੇ ਤਾਂ ਲਕਸ਼ਮੀ ਬਣ ਸਕਦੀ ਹੈ ਚਾਹੇ ਤਾਂ ਸਰਸਵਤੀ ਬਣ ਸਕਦੀ ਹੈ ਅਤੇ ਚਾਹੇ ਤਾਂ ਚੰਡੀ ਬਣਨ ਦੀ ਵੀ ਤਾਕਤ ਇਸ ਦੇ ਕੋਲ ਹੈ। ਮਰਦ ਹਮੇਸ਼ਾਂ ਔਰਤ ਨੂੰ ਦੁਰਕਾਰਦਾ ਆਇਆ

ਹੈ। ਜਿਸ ਔਰਤ ਨੇ ਆਪਣੀ ਪਵਿੱਤਰ ਕੁੱਖ ਚੋਂ ਪੀਰਾਂ, ਫਕੀਰਾਂ, ਗੁਰੂਆਂ, ਪੈਗੰਬਰਾਂ, ਨਬੀਆਂ ਰਸੂਲਾਂ ਨੂੰ ਜਨਮ ਦਿੱਤਾ ਉਸਨੂੰ ਹੀ ਮਰਦ ਨੇ ਬਜ਼ਾਰ ਵਿਚ ਵੇਚਣਾ ਲਾ ਦਿੱਤਾ ਅਤੇ ਉਸਨੂੰ ਬੁਰਾ ਭਲਾ ਕਿਹਾ। ਔਰਤ ਚਾਹੇ ਤਾਂ ਮਰਦ ਦੀ ਸ਼ਾਨ ਨੂੰ ਚਾਰ ਚੰਨ ਲਾ ਸਕਦੀ ਹੈ ਅਤੇ ਚਾਹੇ ਤਾਂ ਮਿੱਟੀ ਵਿਚ ਵੀ ਮਿਲਾ ਸਕਦੀ ਹੈ। ਇਸ ਲਈ ਸਚਖੰਡ ਨਾਨਕ ਧਾਮ ਔਰਤ ਨੂੰ ਮਰਦ ਬਣਨ ਵਾਸਤੇ ਪ੍ਰੇਰਨਾਂ ਦਿੰਦਾ ਹੈ। ਤਾ ਕਿ ਉਹ ਮਰਦ ਦੇ ਮੋਢੇ ਨਾਲ ਮੋਢਾ ਜੋੜ ਕੇ ਮਨੁਖਤਾ ਦੀ ਸੇਵਾ ਲਈ ਆਪਣਾ ਪੂਰਾ ਪੂਰਾ ਹਿੱਸਾ ਪਾ ਸਕੇ।

## ਪ੍ਰਸ਼ਨ:- ਮਹਾਰਾਜ ਜੀ ਸਚਖੰਡ ਨਾਨਕ ਧਾਮ ਵਿਚ ਗੱਦੀ ਸਾਹਮਣੇ ਆਰਤੀ ਅਤੇ ਅਰਦਾਸ ਇਕਠੀਆ ਕਿਉਂ ਕੀਤੀਆਂ ਜਾਂਦੀਆਂ ਹਨ?

**ਉੱਤਰ:-** ਸਚਖੰਡ ਨਾਨਕ ਧਾਮ ਨਿਰਗੁਣ ਅਤੇ ਸਰਗੁਣ ਨੂੰ ਮੰਨਦਾ ਹੈ ਇਸ ਕਰਕੇ ਅਰਦਾਸ ਅਤੇ ਆਰਤੀ ਇਕਠੀਆਂ ਨਾਲ ਨਾਲ ਕੀਤੀਆਂ ਜਾਂਦੀਆਂ ਹਨ।

## ਪ੍ਰਸ਼ਨ:- ਮਹਾਰਾਜ ਜੀ ਕੀ ਸਚਖੰਡ ਨਾਨਕ ਧਾਮ ਜਾਤ, ਪਾਤ, ਰੰਗ ਨਸਲ ਦੇ ਅਧਾਰ ਤੇ ਆਪਸੀ ਸਬੰਧ ਜੋੜੇਗਾ?

**ਉੱਤਰ:-** ਸਚਖੰਡ ਨਾਨਕ ਧਾਮ ਰੰਗ, ਨਸਲ, ਜਾਤ ਪਾਤ ਤੇ ਯਕੀਨ ਨਹੀਂ ਰਖਦਾ।

## ਪ੍ਰਸ਼ਨ:- ਮਹਾਰਾਜ ਜੀ ਕੀ ਸਚਖੰਡ ਨਾਨਕ ਧਾਮ ਜਾਦੂ ਟੂਣਿਆਂ, ਧਾਗਿਆਂ ਤਵੀਤਾਂ, ਰਿਧੀਆਂ ਸਿਧੀਆਂ ਚ, ਵਿਸ਼ਵਾਸ਼ ਰੱਖਦਾ ਹੈ?

**ਉੱਤਰ:-** ਜਿਸ ਦਾ ਨਾਂ ਦੁਨੀਆਂ ਵਿਚ ਪ੍ਰਚਲਤ ਹੈ ਉਹ ਚੀਜ ਹੈ ਜ਼ਰੂਰ। ਪ੍ਰੰਤੂ ਸਚਖੰਡ ਨਾਨਕ ਧਾਮ ਇਨ੍ਹਾਂ ਚੀਜਾਂ ਤੇ ਵਿਸ਼ਵਾਸ਼ ਨਹੀਂ ਰਖਦਾ ਅਤੇ ਨਾਂ ਹੀ ਕਰਦਾ ਹੈ। ਸਚਖੰਡ ਨਾਨਕ ਧਾਮ ਦਾ ਵਿਸ਼ਵਾਸ਼ ਸਿਰਫ ਇਕ ਉਸ ਪ੍ਰਮਾਤਮਾ ਤੇ ਹੈ ਜੋ ਸਰਬ ਵਿਆਪੀ ਅਤੇ ਸਰਬ ਸ਼ਕਤੀਮਾਨ ਹੈ।

## ਪ੍ਰਸ਼ਨ:- ਮਹਾਰਾਜ ਜੀ ਕਾਲੇ ਰੰਗ ਦਾ ਕੀ ਮਤਲਵ ਹੈ?

**ਉੱਤਰ:-** ਕਾਲਾ ਰੰਗ ਹਮੇਸ਼ਾਂ ਸੋਗ ਤੇ ਪਾਇਆ ਜਾਂਦਾ ਹੈ। ਜਦ ਵੀ ਕਿਸੇ ਜੀਵ ਦੀ

ਮੌਤ ਹੋ ਜਾਂਦੀ ਹੈ ਤਾ ਉਸ ਵਕਤ ਕਾਲਾ ਲਿਬਾਸ ਪਾਇਆ ਜਾਂਦਾ ਹੈ, ਜਦੋਂ ਵੀ ਕਿਸੇ ਵਿਰੁਧ ਕੋਈ ਪਰੋਟੈਸਟ ਕੀਤਾ ਜਾਂਦਾ ਹੈ ਤਾਂ ਉਸ ਵਕਤ ਵੀ ਕਾਲੇ ਰੰਗ ਦੀ ਹੀ ਵਰਤੋਂ ਕੀਤੀ ਜਾਂਦੀ ਹੈ ।

## ਪ੍ਰਸ਼ਨ:- ਮਹਾਰਾਜ ਜੀ ਨੀਲੇ ਰੰਗ ਦਾ ਕੀ ਮਤਲਵ ਹੈ?

**ਉੱਤਰ:-** ਨੀਲਾ ਰੰਗ ਅਸਮਾਨੀ ਰੰਗ ਹੈ । ਅਸਮਾਨ ਕਦੇ ਵੀ ਧਰਤੀ ਵਲ ਨਹੀਂ ਝੁਕਿਆ ਭਾਵ ਅਸਮਾਨ ਅਤੇ ਧਰਤੀ ਦਾ ਕਦੇ ਵੀ ਆਪਸ ਵਿਚ ਮੇਲ ਨਹੀਂ ਹੋਇਆ, ਇਹ ਰਬ ਦੇ ਘਰ ਵਿਚ ਉਤੱਮ ਗਿਣਿਆ ਗਿਆ ਹੈ । ਗੁਰੂ ਨਾਨਕ ਸਾਹਿਬ ਨੇ ਵੀ ਇਸ ਰੰਗ ਨੂੰ ਮਹਾਨਤਾ ਦਿੱਤੀ ਹੈ ਅਤੇ ਆਪ ਇਸ ਨੂੰ ਖੁਦ ਸਵੀਕਾਰ ਕੀਤਾ, ਜਿਸ ਦੀ ਗੁਰਬਾਣੀ ਵੀ ਅਗਵਾਈ ਦਿੰਦੀ ਹੈ ।

**'ਬਾਬਾ ਫਿਰ ਮਕੇ ਗਇਆ ਨੀਲ ਬਸਤਰ ਧਾਰ ਬਨਵਾਰੀ ॥'**

ਸੋ ਇਸ ਲਈ ਨੀਲਾ ਰੰਗ ਪੂਜਣ ਯੋਗ ਹੈ । ਇਸ ਦੀ ਪਵਿਤਰਤਾ ਨੂੰ ਕਾਇਮ ਰਖਣਾ ਹਰੇਕ ਜੀਵ ਦਾ ਫਰਜ਼ ਬਣਦਾ ਹੈ ।

## ਪ੍ਰਸ਼ਨ:- ਮਹਾਰਾਜ ਜੀ ਕੇਸਰੀ ਰੰਗ ਤੋਂ ਕੀ ਭਾਵ ਹੈ?

**ਉੱਤਰ:-** ਕੇਸਰੀ ਤੋਂ ਭਾਵ ਹੈ ਕੁਰਬਾਨੀ । ਇਹ ਰੰਗ ਸਾਡੇ ਮਹਾਂਪੁਰਖਾਂ ਦੀਆਂ ਕੁਰਬਾਨੀਆਂ ਦਾ ਨਤੀਜਾ ਹੈ ਜੋ ਕਿ ਨਿਸ਼ਾਨ ਸਾਹਿਬ ਦੇ ਰੂਪ ਵਿਚ ਝਲਾਇਆ ਜਾਂਦਾ ਹੈ । ਇਹ ਰੰਗ ਕੁਰਬਾਨੀ ਦਾ ਪਰਤੀਕ ਕਰਕੇ ਕਿਸੇ ਅਗੇ ਝੁਕ ਨਹੀਂ ਸਕਦਾ ਕਿਉਂਕਿ ਕੁਰਬਾਨੀ ਸਾਨੂੰ ਕਿਸੇ ਅਗੇ ਝੁਕਣਾ ਨਹੀਂ ਸਖਾਉਂਦੀ ਸਗੋਂ ਦੂਸਰਿਆਂ ਦੀ ਖਾਤਰ ਆਪਣੇ ਆਪ ਨੂੰ ਨਿਸ਼ਾਵਰ ਕਰਨਾ ਸਖਾਉਂਦੀ ਹੈ । ਇਸੇ ਹੀ ਖਾਤਰ ਕੇਸਰੀ ਰੰਗ ਬਹੁਤ ਉਚਾ ਤੇ ਸੁੱਚਾ ਮੰਨਿਆ ਗਿਆ ਹੈ ।

## ਪ੍ਰਸ਼ਨ:- ਮਹਾਰਾਜ ਜੀ ਚਿਟੇ ਰੰਗ ਤੋਂ ਕੀ ਭਾਵ ਹੈ ਅਤੇ ਤੁਸਾਂ ਇਸ ਨੂੰ ਆਪਣੇ ਮਿਸ਼ਨ ਵਿਚ ਕਿਉਂ ਪ੍ਰਮੁਖਤਾ ਦਿੱਤੀ ਹੈ?

**ਉੱਤਰ:-** ਚਿੱਟਾ ਰੰਗ ਅਮਨ ਅਤੇ ਸ਼ਾਂਤੀ ਦਾ ਪ੍ਰਤੀਕ ਹੈ ਇਸ ਨੇ ਆਪਣੇ ਇਹਨਾਂ ਗੁਣਾ ਕਰਕੇ ਹਰੇਕ ਅਗੇ ਝੁਕਣਾ ਹੈ ਪਰ ਹੰਕਾਰ ਅਗੇ ਨਹੀਂ ਪਿਆਰ ਤੇ ਸਤਕਾਰ ਅਗੇ । ਸਚਖੰਡ ਨਾਨਕ ਧਾਮ ਸ਼ਾਂਤੀ ਦਾ ਮਿਸ਼ਨ ਲੈ ਕਿ ਆਇਆ ਹੈ । ਸੋ ਇਸ ਕਰਕੇ ਅਸੀਂ ਚਿੱਟੇ ਰੰਗ ਨੂੰ ਮਹਾਨਤਾ ਦਿੱਤੀ ਹੈ । ਅਗਰ ਕਿਸੇ ਕਾਰਨ ਕਰਕੇ ਇਸ ਨੂੰ ਝੁਕਣਾ ਵੀ ਪੈ ਜਾਵੇ, ਤਾਂ ਕੋਈ ਗਲਤ ਗਲ ਨਹੀਂ ਕਿਉਂਕਿ ਇਹ ਤਾਂ ਸਾਨੂੰ ਸਰਬਤ ਦੇ ਭਲੇ ਲਈ ਹਰੇਕ ਅਗੇ ਝੁਕਣਾ ਹੀ ਸਿਖਾਉਂਦਾ ਹੈ ।

# "ਦਾਸ ਧਰਮ ਦੀ ਆਵਾਜ਼"

ਅਸੀਂ ਸ਼ਾਂਤੀ ਪਾਲਨ ਵਾਸਤੇ ਅਨੇਕਾਂ ਸਾਧਨ ਅਪਨਾਉਂਦੇ ਹਾਂ ਫਿਰ ਭੀ ਸਾਨੂੰ ਸ਼ਾਂਤੀ ਨਹੀਂ ਮਿਲਦੀ। ਉਸਦਾ ਕਾਰਨ ਹੈ ਕਿ ਅਸੀਂ ਲੋਕ ਅਨੇਕਾਂ ਹੀ ਧਰਮਾਂ ਵਿਚ ਵੰਡੇ ਗਏ ਹਾਂ ਅਤੇ ਸਾਡਾ ਵਿਸ਼ਵਾਸ ਇਕ ਧਰਮ ਵਿਚ ਨਹੀਂ ਰਿਹਾ ਜੋ ਕਿ ਮਾਨਵ ਧਰਮ ਹੈ। ਦਾਸ ਧਰਮ ਮਾਨਵ ਧਰਮ ਨੂੰ ਮੰਨਦਾ ਹੈ ਅਤੇ ਮਨੁਖ ਦਾ ਦਾਸ ਹੈ ਨਾਂ ਕਿ ਹਿੰਦੂ, ਮੁਸਲਿਮ, ਸਿੱਖ, ਈਸਾਈ ਦਾ ਜੋ ਕਿ ਆਪਣੇ ਆਪਣੇ ਧਰਮਾਂ ਨੂੰ ਉੱਚਾ ਦਸਕੇ ਇਕ ਦੂਜੇ ਨੂੰ ਮਾਰਨ ਮਰਵਾਉਣ ਦੇ ਗਲਤ ਰਾਹਾਂ ਤੇ ਚਲ ਰਹੇ ਹਨ। ਦਰਅਸਲ ਇਹ ਸਾਰੇ ਮਨੁਖ ਹਨ ਜੋ ਕਿ ਆਅਣੇ ਆਪਨੂੰ ਭੁਲ ਚੁੱਕੇ ਹਨ। ਦਾਸ ਧਰਮ ਮਨੁਖਤਾ ਦੀ ਸਾਂਝ ਪੈਦਾ ਕਰਨ ਵਾਸਤੇ ਅਤੇ ਪਿਆਰ ਪੈਦਾ ਕਰਨ ਲਈ ਅਨੇਕਾਂ ਸਾਧਨ ਅਤੇ ਪ੍ਰਬੰਧ ਕਰ ਰਿਹਾ ਹੈ, ਉਹ ਹਨ ਜਾਤਾਂ ਪਾਤਾਂ ਅਤੇ ਫਿਰਕਾਪ੍ਰਸਤੀ ਦੇ ਭੇਦ ਭਾਵ ਨੂੰ ਦੂਰ ਕਰਨਾਂ, ਧਰਮ ਅਸਥਾਨਾਂ ਦੀ ਪਵਿਤੱਰਤਾ ਕਾਇਮ ਰੱਖਣੀ, ਨਸ਼ੀਲੀਆਂ ਵਸਤੂਆਂ ਤੇ ਪਾਬੰਦੀ ਅਤੇ ਆਪਣੇ ਵਤਨ ਪ੍ਰਤੀ ਦੇਸ਼ ਵਾਸੀਆਂ ਦੇ ਮਨਾਂ ਵਿਚ ਭਗਤੀ ਭਾਵਨਾਂ ਪੈਦਾ ਕਰਨੀ, ਜਰੂਰਤ ਮੰਦਾਂ ਅਤੇ ਕਮਜੋਰ ਵਰਗ ਦੇ ਜੀਵਾਂ ਨੂੰ ਹਰ ਪ੍ਰਕਾਰ ਦੇ ਸਾਧਨ ਅਤੇ ਯਥਾ-ਯੋਗ ਸਹਾਇਤਾ ਦੇਣੀ। ਦਾਸ ਧਰਮ ਇਕ ਰੱਬ ਨੂੰ ਮੰਨਦਾ ਹੈ ਅਤੇ ਮਨੁੱਖ ਨੂੰ ਵੀ ਇਕ ਮੰਨਦਾ ਹੈ ਅਤੇ ਕੋਸ਼ਿਸ਼ ਕਰ ਰਿਹਾ ਹੈ ਕਿ ਸਭ ਜੀਵਾਂ ਨੂੰ ਪਿਆਰ, ਖੁਸ਼ੀ ਅਤੇ ਸਚਾਈ ਤੋਂ ਜਾਣੂ ਕਰਵਾਇਆ ਜਾਵੇ ਜੋ ਝੂਠੀਆਂ ਚੀਜਾਂ ਰਾਹੀਂ ਖੁੱਸ ਚੁੱਕੀ ਹੈ।